ੴ ਸਤਿਗੁਰ ਪ੍ਰਸਾਦਿ ॥

# ਇਸਲਾਮ ਤੇ ਗੁਰਮਤਿ

## ਮੂਲ ਰੂਪ ਵਿੱਚ

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਇਸਲਾਮ ਤੇ ਗੁਰਮਤਿ

**ਇਸਨਾਮ :**

ਅਰਬੀ ਭਾਸ਼ਾ ਦਾ ਸ਼ਬਦ ਹੈ, ਕਿਸਦਾ ਅਰਥ ਹੈ ਪ੍ਰਮਾਤਮਾ ਦੇ ਹੁਕਮ ਅਥਵਾ ਰਜਾ ਵਿਚ ਚਲਣਾ। ਇਸਲਾਮ (ਮੁਸਲਮਾਨ ਮੱਤ) ਦਾ ਜਨਮ ਸਾਉਦੀ ਅਰਬ ਵਿਚ ਹੋਇਆ ਸੀ। ਉਸ ਸਮੇਂ ਅਰਬ ਦੇ ਲੋਕ ਕਈ ਕੁਟੰਬਾਂ ਤੇ ਕਬੀਲਿਆਂ ਵਿਚ ਵੰਡੇ ਹੋਏ ਸਨ, ਇਸ ਲਈ ਉਨ੍ਹਾਂ ਦੀਆਂ ਸਰਗਰਮੀਆਂ ਆਪਣੇ ਕਬੀਲੇ ਦੀ ਭਲਾਈ ਤੱਕ ਹੀ ਸੀਮਿਤ ਸਨ। ਹਰੇਕ ਕਬੀਲੇ ਦਾ ਇਕ ਮੁਖੀ ਹੁੰਦਾ ਸੀ। ਉਹ ਹੀ ਰਾਜ-ਕਾਜ ਦਾ ਅਧਿਕਾਰੀ ਅਤੇ ਮੁਨਸਫ਼ (ਜੱਜ) ਹੁੰਦਾ ਸੀ ।ਅਰਬ ਵਿਚ ਕੋਈ ਸੰਗਠਿਤ ਰਾਜ ਨਹੀਂ ਸੀ।

ਧਾਰਮਿਕ ਤੌਰ ਤੇ ਅਰਬ-ਵਾਸੀ ਸੈਂਕੜੇ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ। ਉਹਨਾਂ ਦੀਆਂ ਧਾਰਮਿਕ ਸਰਗਰਮੀਆਂ ਦਾ ਕੇਂਦਰ ਮੱਕਾ ਸੀ। ਮੱਕੇ ਵਿਚ ਕਾਅਬਾ ਨਾ ਦਾ ਇਕ ਧਰਮ-ਅਸਥਾਨ ਸੀ, ਜਿਸ ਵਿਚ 360 ਦੇਵੀ- ਦੇਵਤਿਆਂ ਦੇ ਬੁੱਤ ਪਏ ਹੋਏ ਸਨ। ਬੁਤ-ਪੂਜਾ ਤੋਂ ਸਿਵਾ ਅਰਬ ਦੇ ਲੋਕ ਰੂਹਾਂ ਤੇ ਭੂਤ-ਭੂਤਨੀਆਂ ਵਿਚ ਵੀ ਵਿਸ਼ਵਾਸ ਰਖਦੇ ਸਨ। ਉਨ੍ਹਾਂ ਵਿਚ ਜਾਦੂਟੂਣੇ ਵੀ ਪ੍ਰਚਲਿਤ ਸਨ। ਹਰ ਇਕ ਦਾ ਆਪਣਾ ਵੱਖਰਾ ਦੇਵਤਾ ਸੀ। ਮੁਖੀ ਸ਼ਹਿਰਾਂ ਵਿਚ ਟਾਵੇਂ-ਟਾਵੇਂ ਲੋਕ ਹੀ ਇਕ ਰੱਬ ਦੇ ਖਿਆਲ ਨੂੰ ਠੀਕ ਮੰਨਦੇ ਸਨ। ਇਨ੍ਹਾਂ ਵਿਚ (ਮੱਕੇ ਦਾ) ਇਕ ਵਰਕਾਹ-ਬਿਨ-ਨਫ਼ੂਹੀ ***(Wargah-bin-Nufai)*** ਨਾ ਦਾ ਵਿਅਕਤੀ ਵੀ ਸੀ। ਇਸ ਨੂੰ ਯਹੂਦੀ ਤੇ ਈਸਾਈ ਧਰਮਾਂ ਦੀ ਵਾਕਫ਼ੀਅਤ ਸੀ ਅਤੇ ਉਸ ਨੇ ਬਾਈਬਲ ਦੇ ਪਹਿਲੇ ਭਾਗ 'ਪੁਰਾਣੇ ਨੇਮ' ***(Old Testament)*** ਦੇ ਕੁਝ ਹਿਸਿਆਂ ਦਾ ਅਨੁਵਾਦ ਵੀ ਕੀਤਾ ਸੀ। ਅਰਬ ਵਾਸੀ ਯਹੂਦੀ ਧਰਮ ਤੋਂ ਜਾਣੂ ਸਨ। ਯਹੂਦੀ ਧਰਮ ਦਾ ਮਦੀਨਾ ਵਿਚ ਜ਼ੋਰ ਸੀ।

## ਹਜ਼ਰਤ ਮੁਹੰਮਦ ਸਾਹਿਬ :

ਅਜਿਹੇ ਲੋਕਾਂ ਵਿਚ ਅਪ੍ਰੈਲ 570 ਈ: ਵਿਚ ਮੁਹੰਮਦ ਸਾਹਿਬ ਦਾ ਜਨਮ ਹੋਇਆ, ਜੋ ਕਿ ਇਸਲਾਮ ਦੇ ਬਾਨੀ ਹਨ। ਮੁਹੰਮਦ ਸਾਹਿਬ ਕੁਰੈਸ਼ੀ ਵੰਸ਼ ਦੇ ਬਾਨੀ ਹਾਸ਼ਮ ਦੇ ਘਰਾਣੇ ਵਿਚ ਅਬਦੁਲਾ ਕੁਰੈਸ਼ੀ ਦੇ ਘਰ, ਮਾਤਾ ਆਮਿਨਾ ਦੀ ਕਖੋਂ ਜਨਮੇ। ਉਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ।

ਜਦੋਂ ਛੇ ਵਰ੍ਹਿਆਂ ਦੇ ਹੋਏ ਤਾਂ ਮਾਂ ਵੀ ਚਲ ਵਸੀ। ਮਾਂ ਦੀ ਮੌਤ ਮਗਰੋਂ ਉਨ੍ਹਾਂ ਦਾ ਪਾਲਣ-ਪੋਸਣ ਦਾਦੇ ਅਬਦੁਲ ਮਤਾਲਿਬ ਨੂੰ ਕਰਨਾ ਪਿਆ, ਪਰ ਉਹ ਵੀ ਮੁਹੰਮਦ ਸਾਹਿਬ ਨੂੰ ਅੱਠ ਸਾਲ ਦੀ ਉਮਰ ਵਿਚ ਉਨ੍ਹਾਂ ਦੇ ਚਾਚੇ ਅਬੂਤਾਲਿਬ ਕੋਲ ਸਪੁਰਦ ਕਰਕੇ ਕਲ-ਵੱਸ ਹੋ ਗਿਆ।

'ਅਬੂਤਾਲਿਬ' ਇਕ ਵਪਾਰੀ ਸੀ ਤੇ ਵਪਾਰ ਕਰਨ ਲਈ ਆਲੇ ਦੁਆਲੇ ਦੇ ਦੇਸ਼ਾਂ ਵਿਚ ਜਾਂਦਾ ਸੀ ਅਤੇ ਕਦੇ -ਕਦੇ ਆਪਣੇ ਭਤੀਜੇ ਮੁਹੰਮਦ ਨੂੰ ਵੀ ਨਾਲ ਲੈ ਜਾਂਦਾ ਸੀ। ਇਨ੍ਹਾਂ ਦੌਰਿਆਂ ਵਿਚ ਬਾਲਕ ਮੁਹੰਮਦ ਨੂੰ ਦੂਜੇ ਧਰਮਾਂ

ਦੀ ਕਾਫੀ ਸੌਝੀ ਹੋ ਗਈ। ਖਾਸ ਕਰਕੇ ਈਸਾਈ ਪਾਦਰੀਆਂ ਨਾਲ ਹੋਈ ਗੱਲਬਾਤ ਨੇ ਆਪ ਦੀ ਰੂਚੀ ਨੂੰ ਈਸਾਈ-ਸਿਧਾਤਾ ਵਲ ਪ੍ਰੇਰਿਆ। ਇੰਝ ਆਪ ਨੇ ਈਸਾਈ ਤੇ ਸਹੂਦੀ ਪਰਚਾਰਕਾਂ ਪਾਸੋਂ ਕਈ ਗੱਲਾਂ ਸਿਖੀਆਂ, ਜਿਨ੍ਹਾਂ ਨੂੰ ਨਵਾਂ ਰੂਪ ਦੇ ਕੇ ਉਨ੍ਹਾਂ ਨੇ ਇਸਲਾਮ ਦੇ ਸਿਧਾਂਤ ਘੜੇ।

20 ਵਰ੍ਹਿਆਂ ਦੀ ਉਮਰ ਵਿਚ ਆਪ ਨੇ ਖਦੀਜਾ ਨਾਂ ਦੀ ਅਮੀਰ ਵਿਧਵਾ ਦੀ ਨੌਕਰੀ ਕਰ ਲਈ। ਉਸ ਦੀਆਂ ਵਸਤਾਂ ਵੇਚਣ ਲਈ ਆਪ ਬਸਰੇ ਅਤੇ ਦਮਸ਼ਿਕ ਆਦਿ ਥਾਵਾਂ ਤੇ ਗਏ। ਖਦੀਜਾ ਇਨ੍ਹਾਂ ਦੇ ਕੰਮ (ਵਪਾਰਕ ਸੂਝ) ਅਤੇ ਈਮਾਨਦਾਰੀ ਤੋਂ ਬਹੁਤ ਖੁਸ਼ ਹੋਈ ਅਤੇ ਉਸਨੇ 25 ਸਾਲਾ ਦੇ ਹਜ਼ਰਤ ਮੁਹੰਮਦ ਨਾਲ ਨਿਕਾਹ (ਵਿਆਹ) ਕਰ ਲਿਆ। ਖਦੀਜਾਂ ਦੀ ਉਮਰ 40 ਸਾਲ ਦੀ ਸੀ। ਖਦੀਜਾ ਵਿਚੋਂ ਹਜ਼ਰਤ ਮੁਹੰਮਦ ਦੇ ਚਾਰ ਪੁਤਰ ਤੇ ਚਾਰ ਧੀਆਂ ਪੈਦਾ ਹੋਇਆਂ।

**ਪੁਤਰ** – ਕਾਸਮ, ਅਬਦੁਲਾ, ਤਾਹਿਰ ਤੇ ਤੈਬ।

**ਧੀਆਂ** : ਫਾਤਮਾ, ਜੈਨਬ, ਕਲਯੂਮ ਤੇ ਰਰੀਆ। ਖਦੀਜਾ 65 ਵਰ੍ਹਿਆਂ ਦੀ ਉਮਰ ਵਿਚ ਗੁਜਰ ਗਈ। ਉਸਦੀ ਮੌਤ ਮਗਰੋਂ ਹੋਰ ਕਈ ਸ਼ਾਦੀਆਂ ਕੀਤੀਆਂ, ਜਿਨ੍ਹਾਂ ਦੀ ਗਿਣਤੀ ਕੁਝ ਇਤਿਹਾਸਕਾਰ 9 ਤੇ ਕੁਝ 11 ਦਸਦੇ ਹਨ। ਇਨ੍ਹਾਂ ਤੋਂ ਸਿਵਾ ਦੋ ਦਾਸੀਆਂ ਦਾ ਜ਼ਿਕਰ ਵੀ ਕੀਤਾ ਜਾਂਦਾ ਹੈ, ਜਿਨ੍ਹਾਂ ਵਿਚੋਂ ਇਕ ਈਸਾਇਣ ਸੀ ਤੇ ਦੂਜੀ ਯਹੂਦਣ।

ਮੁਹੰਮਦ ਸਾਹਿਬ ਅਰਬ ਵਾਸੀਆਂ ਦੀ ਧਾਰਮਿਕ ਅਤੇ ਸਮਜਾਕ ਦਸ਼ਾ ਤੋਂ ਬਹੁਤ ਚਿੰਤਾਤੁਰ ਸਨ। ਉਹ ਨਹੀਂ ਸਨ ਚਾਹੁੰਦੇ ਕਿ ਅਰਬ ਵਾਸੀ ਬੁੱਤ ਪੂਜਾ ਕਰਨ। ਉਹ ਅਰਬਾਂ ਵਿਚ ਡਾਕੂਆਂ, ਲੁਟੇਰਿਆਂ, ਠੱਗਾਂ, ਚੋਰਾਂ, ਵਿਭਚਾਰੀਆਂ ਦੀ ਹੋਂਦ ਅਤੇ ਵੱਖ ਵੱਖ ਕਬੀਲਿਆਂ ਵਿਚ ਲੜਾਈ ਤੋਂ ਬਹੁਤ ਦੁਖੀ ਸਨ।

ਮੱਕੇ ਦੀ ਇਮਾਰਤ ਦੀ ਨਵਉਸਾਰੀ ਅਤੇ ਮੁਰੰਮਤ ਸਮੇਂ, ਦੋਂ ਵਾਰ, ਸੰਗੇ ਅਸਵਦ ਨੂੰ ਸਥਾਪਤ ਕਰਨ ਦੇ ਸਵਾਲ ਤੇ ਅਰਬੀ ਸਰਦਾਰਾਂ ਵਿਚ ਹੋਣ ਵਾਲੇ ਝਗੜੇ ਨੂੰ ਮੁਹੰਮਦ ਸਾਹਿਬ ਨੇ ਰੋਕਿਆ।

ਆਪ ਗੰਭੀਰ ਸੁਭਾ ਵਾਲੇ ਸਨ। ਖਦੀਜਾ ਨਾਲ ਵਿਆਹ ਉਪਰੰਤ ਤਾਂ ਹੋਰ ਗੰਭੀਰ ਰਹਿਣ ਲਗ ਪਏ। ਉਹ ਮੱਕੇ ਦੇ ਨੇੜੇ 'ਹਿਗ' ਨਾ ਦੀ ਪਹਾੜੀ ਤੇ ਚਲੇ ਜਾਂਦੇ ਤੇ ਉਥੇ ਧਾਰਮਿਕ ਪ੍ਰਸ਼ਨਾਂ ਉਪਰ ਵਿਚਾਰ ਕਰਦੇ। ਇਸਲਾਮਿਕ ਸਾਹਿਤ ਅਨੁਸਾਰ 40 ਵਰ੍ਹਿਆਂ ਦੀ ਉਮਰ ਵਿਚ, ਇਸੇ ਗੁਫਾ ਵਿਚ ਉਨ੍ਹਾਂ ਨੂੰ ਰਬ ਦਾ ਫਰਿਸ਼ਤਾ ਮਿਲਿਆ। ਜਿਸ ਨੂੰ ਵੇਖ ਕੇ ਆਪ ਬਹੁਤ ਘਬਰਾ ਗਏ। ਖਦੀਜਾ ਇਸ ਹਾਲਤ ਵਿਚ ਆਪ ਨੂੰ ਵਰਕਾਹ-ਬਿਨ (ਵਿਰਕਾ) ਕੋਲ ਲੈ ਗਈ। ਉਸ ਨੇ ਸਮਝਾਇਆ ਕਿ ਰੱਬ ਉਨ੍ਹਾਂ ਨੂੰ ਪੈਗੰਬਰ ਬਣਾਉਣ ਲੱਗਾ ਹੈ। ਦੂਜੀ ਵਾਰ ਫਰਿਸ਼ਤੇ ਦੇ ਆਉਣ ਮਗਰੋਂ ਮੁਹੰਮਦ ਸਾਹਿਬ ਨੇ ਆਪਣੇ ਪੈਗੰਬਰ ਹੋਣ ਦਾ ਐਲਾਨ ਕਰ ਦਿਤਾ ਤੇ ਆਪਣੇ ਮੱਤ "ਇਸਲਾਮ" ਦਾ ਪ੍ਰਚਾਰ ਆਰੰਭ ਕਰ ਦਿਤਾ। ਉਨ੍ਹਾਂ ਦੇ ਪਹਿਲੇ ਤਿੰਨ ਚੇਲਿਆ ਵਿਚ ਜ਼ੈਦ ਨਾਂ ਦਾ ਗੁਲਾਮ, ਉਨ੍ਹਾਂ ਦੀ ਪਤਨੀ ਖਦੀਜਾ ਅਤੇ ਵਰਕਾਹ-ਬਿਨ ਸਨ। ਫਿਰ ਚਾਚੇ ਦੇ ਪੁਤਰ ਅਲੀ ਨੇ ਵੀ ਇਸਲਾਮ ਧਾਰਨ ਕਰ ਲਿਆ। ਪਰ ਆਪ ਦੇ ਚਾਚੇ ਅਬੂਤਾਲਿਬ ਨੇ (ਜਿਸ ਨੇ ਉਨ੍ਹਾਂ ਨੂੰ ਪਾਲਿਆ ਸੀ), ਉਨ੍ਹਾਂ ਨੂੰ ਪੈਗੰਬਰ ਤਸਲੀਮ ਨਾ ਕੀਤਾ। ਉਹ ਜੀਵਨ ਭਰ ਮੁਹੰਮਦ ਸਾਹਿਬ ਦਾ ਵਿਰੋਧੀ ਹੀ ਰਿਹਾ।

ਵੱਖ ਵੱਖ ਸਮਿਆਂ ਤੇ ਉਨ੍ਹਾਂ ਨੂੰ ਜ਼ਬਰਾਈਲ ਫਰਿਸ਼ਤੇ ਰਾਹੀਂ ਖੁਦਾ ਦੇ ਪੈਗਾਮ ਪੁਜਦੇ ਰਹੇ, ਜਿਨ੍ਹਾਂ ਨੂੰ 'ਵਹੀਆਂ ਉਤਰਨਾ' ਵੀ ਆਪਦੇ ਹਨ। 40 ਤੋਂ 43 ਸਾਲ ਦੀ ਉਮਰ ਤਕ ਕੋਈ ਵਹੀ ਨਾ ਉਤਰੀ। ਇਸ ਸਮੇਂ ਕੁਲ 40 ਬੰਦਿਆਂ ਨੇ ਇਸਲਾਮ ਧਾਰਨ ਕੀਤਾ। 43 ਵੇਂ ਸਾਲ ਵਿਚ ਉਨ੍ਹਾਂ ਨੇ ਫਿਰ ਆਪਣੇ ਮੱਤ ਦਾ ਪਰਚਾਰ ਆਰੰਭ ਕੀਤਾ। 50 ਸਾਲ ਦੀ ਉਮਰ ਵਿਚ ਖਦੀਜਾ ਦਾ ਦੇਹਾਂਤ ਹੋ ਗਿਆ। ਹਜ਼ਰਤ ਧਰਮ-ਪਰਚਾਰ ਦਾ ਕੰਮ ਹੋਰ ਜੋਸ਼ ਨਾਲ ਕਰਨ ਲੱਗ ਪਏ। ਉਨ੍ਹਾਂ ਨੇ ਮੂਰਤੀ ਪੂਜਾ ਵਿਰੁਧ ਜੱਹਾਦ ਆਰੰਭ ਕਰ ਦਿਤਾ ਅਤੇ ਇਕ ਖੁਦਾ ਦੀ ਬੰਦਗੀ ਦਾ ਉਪਦੇਸ਼ ਦਿਤਾ। ਆਪ ਨੇ ਨਵੇਂ ਵਿਚਾਰਾਂ ਕਰਕੇ ਮੱਕੇ ਵਿਚ ਬਹੁਤੇ ਲੋਕ ਆਪ ਦੇ ਵਿਰੋਧੀ ਹੋ ਗਏ। ਦੇਵਤਿਆਂ ਦੇ ਪੁਜਾਰੀਆਂ ਤੇ ਮੂਰਤੀ ਪੂਜਕਾਂ ਨੇ ਆਪ ਦੀ ਜਾਨ ਲੈਣ ਦੇ ਵੀ ਜਤਨ ਕੀਤੇ ਅਤੇ ਉਨ੍ਹਾਂ ਦੇ ਚੇਲਿਆ ਨੂੰ ਵੀ ਤੰਗ ਕਰਨਾ ਆਰੰਭ ਕਰ ਦਿਤਾ। ਕਈਆਂ ਨੇ ਤੰਗ ਆ ਕੇ ਇਸਲਾਮ ਤਿਆਗ ਦਿਤਾ। ਅਜਿਹੇ ਲੋਕਾਂ ਨੂੰ ਢਾਰਸ ਬੰਨ੍ਹਾਉਣ ਲਈ ਮੁਹੰਮਦ ਸਾਹਿਬ ਨੇ ਹੇਠ ਲਿਖੀ ਆਯਤ ਪੜ੍ਹਕੇ ਸੁਣਾਈ :

"ਜਿਸ ਆਦਮੀ ਨੇ ਮੁਸਲਮਾਨ ਹੋਣ ਮਗਰੋਂ ਖੁਦਾ ਦਾ ਇਨਕਾਰ ਕੀਤਾ ਜਦੋਂ ਕਿ ਉਹ (ਆਦਮੀ) ਤੰਗ ਕੀਤਾ ਗਿਆ ਅਤੇ ਉਹ ਦਿਲੋਂ ਈਮਾਨ ਤੇ ਕਾਇਮ ਰਿਹਾ, ਇਸਦੇ ਵਿਚ ਉਸਦਾ ਕੋਈ ਕਸੂਰ ਨਹੀਂ।"

ਜ਼ੈਦ ਨੂੰ ਨਾਲ ਲੈ ਕੇ ਆਪ ਨਵੇਂ ਧਰਮ ਦੇ ਪਰਚਾਰ ਲਈ ਪਿੰਡ ਪਿੰਡ ਗਏ, ਪਰ ਬਹੁਤੀ ਥਾਈਂ ਆਪ ਦਾ ਵਿਰੋਧ ਹੀ ਹੋਇਆ। ਮੱਕੇ ਤੋਂ 70 ਮੀਲ ਦੂਰ ਤਾਇਫ ਨਾਮ ਦੇ ਸ਼ਹਿਰ ਵਿਚ ਆਪ ਆਪਣੇ ਚਾਚੇ ਅਬਾਸ ਕੋਲ ਵੀ ਗਏ। ਉਹ ਇਕ ਵੱਡਾ ਜਾਗੀਰਦਾਰ ਸੀ। ਉਸ ਨੇ ਵੀ ਪ੍ਰਚਾਰ ਸਹਾਇਤਾ ਕਰਨ ਦੀ ਥਾਂ ਉਤੇ ਹਜ਼ਰਤ ਦਾ ਵਿਰੋਧ ਕੀਤਾ ਕਿਉਂਕਿ ਉਹ 'ਲਾਤ' ਨਾਂ ਦੀ ਮੂਰਤੀ ਦਾ ਪੁਜਾਰੀ ਸੀ।

ਮੱਕਾ-ਵਾਸੀਆਂ ਨੇ ਅਖੀਰ ਨੂੰ ਮੁਹੰਮਦ ਸਾਹਿਬ ਨੂੰ ਕਤਲ ਕਰਨ ਦੀ ਯੋਜਨਾ ਬਣਾਈ। ਪਰ ਇਸਦਾ ਮੁਹੰਮਦ ਸਾਹਿਬ ਨੂੰ ਵੇਲੇ ਸਿਰ ਪਤਾ ਲਗ ਗਿਆ ਤੇ ਉਹ ਮਦੀਨੇ ਚਲੇ ਗਏ। ਮਦੀਨੇ ਵਿਚ ਪਹਿਲਾਂ ਹੀ ਇਸਲਾਮ ਫੈਲ ਚੁਕਾ ਸੀ। ਜਿਹੜੇ ਲੋਕ ਮਦੀਨੇ ਤੋਂ ਮੱਕੇ ਵਿਚ ਕਾਅਬੇ ਦੇ ਦਰਸ਼ਨਾਂ ਨੂੰ ਆਉਂਦੇ ਸਨ ਉਨ੍ਹਾਂ ਵਿਚੋਂ ਕੁਝ ਮੁਹੰਮਦ ਸਾਹਿਬ ਦੇ ਸ਼ਰਧਾਲੂਬਣ ਗਏ ਸਨ ਅਤੇ ਉਨ੍ਹਾਂ ਨੇ ਹੀ ਮਦੀਨੇ ਵਿਚ ਇਸਲਾਮ ਦਾ ਪਰਚਾਰ ਕੀਤਾ ਸੀ। ਜਦੋਂ ਮੁਹੰਮਦ ਸਾਹਿਬ ਮਦੀਨੇ ਗਏ ਤਾਂ ਲੋਕਾਂ ਨੇ ਉਨ੍ਹਾਂ ਦਾ ਭਰਪੂਰ ਸੁਆਗਤ ਕੀਤਾ। ਇਸੇ ਸਾਲ ਤੋਂ ਹੀ ਹਿਜ਼ਰੀ ਸੰਮਤ ਸ਼ੁਰੂਹੁੰਦਾ ਹੈ। ਹਿਜਰਤ ਦੇ ਅਰਥ ਹਨ ਜੁਦਾਈ ਅਥਵਾ ਵਿਛੋੜਾ। ਵਾਲਾ ਸਾਲ, ਹਿਜਰੀ ਸੰਮਤ ਦਾ ਪਹਿਲਾ ਸਾਲ ਗਿਣਿਆ ਗਿਆ। ਇਹ 622 ਈਸਵੀ ਸੰਨ ਸੀ।

ਸਾਲ ਕੁ ਪਿਛੋਂ ਮੱਕੇ ਵਾਲਿਆਂ ਨੇ ਮੁਸਲਮਾਨਾਂ ਨੂੰ ਖਤਮ ਕਰਨ ਦੇ ਉਦੇਸ਼ ਨਾਲ ਮਦੀਨੇ ਉਤੇ ਹੱਲਾ ਬੋਲ ਦਿੱਤਾ। ਮੁਸਲਮਾਨਾਂ ਨੇ ਵੀ ਟਾਕਰਾ ਕੀਤਾ। 'ਬਦਰ' ਨਾਂ ਦੇ ਅਸਥਾਨ ਤੇ ਲੜਾਈ ਹੋਈ, ਜਿਸ ਵਿਚ ਮੁਸਲਮਾਨ ਜੇਤੂਰਹੇ। ਇਸ ਤੋਂ ਬਾਅਦ 'ਅਹਿਦ' ਨਾਮ ਦੀ ਪਹਾੜੀ ਉਤੇ ਲੜਾਈ ਹੋਈ, ਜਿਸ ਵਿਚ ਮੁਸਲਮਾਨ ਹਾਰ ਗਏ। ਪਰ ਤੀਜੀ ਲੜਾਈ (ਖੰਦਕ ਦੀ ਲੜਾਈ) ਵਿਚ ਮੁਸਲਮਾਨਾਂ ਨੇ ਕੁਰੈਸ਼ਾਂ ਨੂੰ ਲੱਕ ਤੋੜਵੀਂ ਹਾਰ ਦਿਤੀ ਅਤੇ ਮੁਸਲਮਾਨਾਂ ਦੇ ਹੌਂਸਲੇ ਵਧ ਗਏ। ਇਸ ਸਾਲ ਮੁਹੰਮਦ ਸਾਹਿਬ ਨੇ ਰੂਮ ਦੇ ਈਸਾਈ ਕੈਸਰ, ਈਰਾਨ ਦੇ ਪਾਰਸੀ ਬਾਦਸ਼ਾਹ ਅਤੇ

ਐਬਾਸੀਨੀਆਂ ਦੇ ਰਾਜੇ ਨੂੰ ਮੁਸਲਮਾਨ ਬਣਨ ਦੀ ਦਾਅਵਤ ਦਿਤੀ, ਪਰ ਉਨ੍ਹਾਂ ਵਲੋਂ ਤ੍ਰਿਸਕਾਰ ਭਰੇ ਉਤਰ ਆਏ। ਇੰਨਾ ਕੁਝ ਹੋਣ ਦੇ ਬਾਵਜੂਦ ਵੀ ਆਮ ਲੋਕਾਂ ਵਿਚ ਹਜ਼ਰਤ ਦਾ ਧਰਮ ਫੈਲਣ ਲਗ ਪਿਆ।

ਖੰਦਕ ਦੀ ਲੜਾਈ ਤੋਂ 6 ਵਰ੍ਹੇ ਮਗਰੋਂ ਸੰਨ 630● ਈ : ਦਸ ਹਜ਼ਾਰ ਮੁਸਲਮਾਨ ਲੈ ਕੇ ਮੱਕੇ ਉਤੇ ਕਬਜ਼ਾ ਕਰ ਲਿਆ। ਕਾਅਬੇ ਦੀ ਪਰਕਰਮਾ ਕੀਤੀ ਅਤੇ 'ਸੰਗੇ-ਅਸਵਦ' ਨੂੰ ਚੁੰਮਿਆ। ਫੇਰ ਉਨ੍ਹਾਂ 'ਹਥਲ' ਨਾਮ ਦੇ ਦੇਵਤੇ ਦਾ ਬੁਤ ਆਪਣੀ ਹੱਥੀਂ ਗੁਰਜ ਮਾਰਕੇ ਚੂਰ ਚੂਰ ਕਰ ਦਿਤਾ। ਬਾਕੀ ਦੇ 360● ਬੁਤ ਵੀ ਤੋੜ ਕੇ ਕਾਅਬੇ ਤੋਂ ਬਾਹਰ ਸੁਟ ਦਿਤੇ। ਮੰਦਰ ਦੀਆਂ ਦੀਵਾਰਾਂ ਉਤੇ ਉਕਰੀਆਂ ਹੋਈਆਂ ਤਸਵੀਰਾਂ ਵੀ ਖੁਰਚਵਾ ਕੇ ਮਿਟਾ ਦਿਤੀਆਂ। ਫਿਰ ਕਾਅਬੇ ਦੇ ਮੰਦਰ ਨੂੰ 'ਕਿਬਲਾ' ਥਾਪਿਆ ਅਤੇ ਖੁਦਾ ਵਲੋਂ ਇਹ ਹੁਕਮ ਸੁਣਾਇਆ : "ਹਮੇਸ਼ਾਂ ਨਿਮਾਜ਼ ਪੜ੍ਹਨ ਲਗਿਆਂ ਮੂੰਹ ਕਿਬਲੇ ਵਲ ਕਰਕੇ ਪ੍ਰਾਰਥਨਾ ਕਰੋ।"

ਹਜ਼ਰਤ ਮੁਹੰਮਦ ਜੀਵਨ ਦੇ ਅਖੀਰ ਤਕ ਧਰਮ ਪ੍ਰਚਾਰ ਕਰਦੇ ਰਹੇ ਅਤੇ ਜੰਗ ਲੜਦੇ ਰਹੇ। ਉਨ੍ਹਾਂ ਦੇ ਅੰਤ ਸਮੇਂ ਤਕ ਇਸਲਾਮ ਯਮਨ, ਬਹਰੀਨ, ਯਮਾਮਾ, ਓਮਾਨ, ਇਰਾਕ ਅਤੇ ਸੀਰੀਆਂ ਤੱਕ ਫੈਲ ਚੁਕਾ ਸੀ। 632 ਈ: ਵਿਚ ਉਨ੍ਹਾਂ ਨੇ ਕਾਅਬੇ ਦੀ ਆਖਰੀ ਯਾਂਤਰਾ ਕੀਤੀ ਤੇ ਉਥੇ ਇਕ ਲੱਖ ਦੇ ਇਕੱਠ ਨੂੰ ਸੰਬੋਧਨ ਕੀਤਾ। ਇਸ ਅੰਤਮ- ਉਪਦੇਸ਼ ਵਿਚ ਉਨ੍ਹਾਂ ਨੇ ਲੋਕਾਂ ਨੂੰ ਖੁਦਾ ਤੋਂ ਡਰਨ, ਨੇਕ-ਕਮ ਕਰਨ, ਆਪਣੀਆਂ ਪਤਨੀਆਂ ਨਾਲ ਸਨੇਹ-ਪੂਰਨ ਵਰਤਾਓ ਕਰਨ, ਗੁਲਾਮਾਂ ਨਾਲ ਠੀਕ ਵਿਵਹਾਰ ਕਰਨ, ਗੁਨਾਹਾਂ ਤੋਂ ਬਚਣ, ਸੂਦ (ਵਿਆਜ) ਨਾ ਲੈਣ ਅਤੇ ਬਦਲੇ ਦੀ ਭਾਵਨਾ ਤਿਆਗਣ ਦੀ ਪ੍ਰੇਰਨਾ ਦਿਤੀ।

ਫੇਰ ਆਪ ਮਦੀਨੇ ਆ ਗਏ। ਉਨ੍ਹਾਂ ਦੀ ਸਿਹਤ ਲਗਾਤਾਰ ਵਿਗੜਨ ਲਗ ਪਈ ਅਤੇ ਅੰਤ 8 ਜੂਨ, 632 ਈ: ਨੂੰ ਉਹਨਾਂ ਦਾ ਦੇਹਾਂਤ ਹੋ ਗਿਆ।

## ਇਸਲਾਮ ਦਾ ਧਰਮ-ਗਰੰਥ ਕੁਰਾਨ

ਕੁਰਾਨ ਮੁਸਲਮਾਨਾਂ ਦਾ ਧਰਮ-ਗਰੰਥ ਹੈ। ਇਸਨੂੰ ਫੁਰਕਾਨ, ਕੁਰਾਨ ਮਜੀਦ, ਕੁਰਾਨ-ਸ਼ਰੀਫ ਅਤੇ ਅਲ-ਕਿਤਾਬ ਆਦਿ ਨਾਮਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਇਹ ਸਿਪਾਰਿਆਂ (ਅਧਿਆਵਾਂ), ਸੂਰਤਾਂ (ਸੰਪੂਰਨ ਸ਼ਬਦਾਂ) ਰਕੂਹਾਂ, (ਕੁਝ ਸ਼ਬਦਾਂ ਦਾ ਜੋੜ ਜਾਂ ਪੈਰਾ) ਅਤੇ ਆਇਤਾਂ (ਵਾਹਿਦ ਕਲਾਮ ਅਥਵਾ ਸਲੋਕਾਂ) ਵਿਚ ਵੰਡਿਆ ਹੋਇਆ ਹੈ। ਮੌਜੂਦਾ ਕੁਰਾਨ ਦੀਆਂ 114 ਸੂਰਤਾਂ ਤੇ 6666 ਆਇਤਾਂ ਹਨ। ਕੁਰਾਨ ਦੇ ਕੁਲ ਅੱਖਰਾਂ ਦਾ ਜੋੜ 323741 ਹੈ ਤੇ 79436 ਪਦ ਹਨ। 114 ਸੂਰਤਾਂ (ਪੂਰੇ ਕੁਰਾਨ) ਦਾ ਮਹੀਨੇ ਵਿਚ ਪਾਠ ਕਰਨ ਲਈ 7 ਮੰਜ਼ਲਾਂ ਥਾਪੀਆਂ ਗਈਆਂ ਹਨ। ਇਹ ਗ੍ਰੰਥ ਪਹਿਲਾਂ ਅਰਬੀ ਬੋਲੀ ਵਿਚ ਲਿਖਿਆ ਸੀ।

'ਕੁਰਾਨ' ਦਾ ਅਰਥ ਪੜ੍ਹਨਾ ਜਾਂ ਪੜ੍ਹੇ ਜਾਣਾ ਹੈ। ਮੁਸਲਮਾਨਾਂ ਦੇ ਵਿਸ਼ਵਾਸ ਮੁਤਾਬਿਕ ਕੁਰਾਨ ਇਕ ਇਲਹਾਮੀ ਪੁਸਤਕ ਹੈ। ਕਿਹਾ ਜਾਂਦਾ ਹੈ ਕਿ ਇਹ ਧਰਮ- ਗਰੰਥ ਉਨ੍ਹਾਂ ਆਇਤਾਂ (ਸਲੋਕਾਂ) ਦਾ ਸਮੂਹ ਹੈ, ਜੋ ਵੱਖ ਵੱਖ ਸਮਿਆਂ ਉਤੇ ਖੁਦਾ (ਰੱਬ) ਨੇ ਫਰਿਸ਼ਤਿਆਂ ਰਾਹੀਂ ਮੁਹੰਮਦ ਸਾਹਿਬ ਤਕ ਪਹੁੰਚਾਈਆਂ ਸਨ।

'ਕੁਰਾਨ' ਪੁਸਤਕ ਦੇ ਰੂਪ ਵਿਚ ਮੁਹੰਮਦ ਸਾਹਿਬ ਦੇ ਦੇਹਾਂਤ ਮਗਰੋਂ ਹੀ ਆਇਆ। ਮੰਨਿਆ ਜਾਂਦਾ ਹੈ ਕਿ ਪਹਿਲਾਂ ਇਹ ਖਜੂਰ ਦੇ ਪੱਤਿਆਂ, ਸਫੈਦ ਪੱਥਰਾਂ ਅਤੇ ਹੱਡੀਆਂ ਉਤੇ ਉਕਰਿਆ ਹੋਇਆ ਸੀ। ਸਿਬਲੀ ਨਅਮਾਨੀ ਨੇ ਆਪਣੀ ਕਿਤਾਬ "ਅਲ ਫਾਰੂਕ" ਵਿਚ ਲਿਖਿਆ ਹੈ ਕਿ ਇਹ ਹਜ਼ਰਤ ਮੁਹੰਮਦ ਸਾਹਿਬ ਦੀ ਮ੍ਰਿਤੂਮਗਰੋਂ ਸੰਪਾਦਿਤ ਹੋਇਆ। ਇਸ ਤੋਂ ਪਹਿਲਾਂ ਇਸਦੇ ਅੱਡ ਅੱਡ ਹਿਸੇ ਅੱਡ ਅੱਡ ਸ਼ਹਾਬਾਂ ਪਾਸ ਸਨ, ਉਹ ਵੀ ਕੁਝ ਖਜੂਰ ਦੇ ਪਤਿਆਂ, ਕੁਝ ਪਥਰਾਂ ਦੀਆਂ ਤਖਤੀਆਂ ਅਤੇ ਕੁਝ ਹੱਡੀਆਂ ਉਤੇ ਉਕਰੇ ਹੋਏ ਸਨ। ਕਿਸੇ ਨੂੰ ਪੂਰਾ ਕੁਰਾਨ ਯਾਦ ਵੀ ਨਹੀਂ ਸੀ। ਕਿਸੇ ਨੂੰ ਕੋਈ ਸੂਰਤ ਯਾਦ ਸੀ ਤੇ ਕਿਸੇ ਨੂੰ ਕੋਈ।

ਕਈ ਅਜਿਹੀਆਂ ਲਿਖਤਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਅਸਲੀ ਨਾਜ਼ਲ ਹੋਏ ਕੁਰਾਨ ਦੀ ਸੰਪੂਰਨਤਾ ਤੇ ਸ਼ੱਕ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਹੁਣ ਦੇ ਕੁਰਾਨ ਵਿਚ ਕਈ ਤਬਦੀਲੀਆਂ ਕੀਤੀਆਂ ਹੋਈਆਂ ਹਨ। ਕਈ ਵਿਦਵਾਨ ਕਹਿੰਦੇ ਹਨ ਕਿ ਕੁਰਾਨ ਦੇ ਲਿਖੇ ਜਾਣ ਵੇਲੇ ਕੁਝ ਸੂਰਤਾਂ ਤਾਂ ਕਿਸੇ ਨੂੰ ਯਾਦ ਨਹੀਂ ਸਨ, ਇਸ ਲਈ ਹੁਣ ਕੇ ਕੁਰਾਨ ਵਿਚ ਕੁਝ ਸੂਰਤਾਂ ਤੇ ਹੈਨ ਨਹੀਂ, ਤੇ ਕਈ ਅਧੂਰੀਆਂ ਹਨ। ਕਈ ਵਿਦਵਾਨਾਂ ਦੀ ਰਾਏ ਹੈ ਕਿ ਮੌਜੂਦਾ ਕੁਰਾਨ ਦੀ ਤਰਤੀਬ ਵੀ ਪ੍ਰਥਮ ਕੁਰਾਨ ਨਾਲੋਂ ਭਿੰਨ ਹੈ।

ਕੁਰਾਨ ਵਿਚ ਹੇਠ ਲਿਖੇ ਵਿਸ਼ੇ ਹਨ।

ਖੁਦਾ ਦੀ ਉਸਤਤ, ਹਰਾਮ-ਹਲਾਲ ਦੇ ਮਸਲੇ, ਆਦਮ ਤੇ ਹਵਾ ਦੇ ਸਮਾਚਾਰ, ਪ੍ਰਾਰਥਨਾ, ਨਿਕਾਹ, ਜਹਾਦ (ਜੰਗਾਂ ਦਾ ਹਾਲ), ਤਲਾਕ ਦੇ ਮਸਲੇ, ਬਹਿਸ਼ਤਾਂ (ਸਵੱਰਗਾਂ) ਤੇ ਦੋਜ਼ਖਾਂ (ਨਰਕਾਂ) ਦੇ ਹਵਾਲੇ, ਰੋਜ਼ਾ, ਹੱਜ, ਨਿਮਾਜ਼, ਜ਼ਕਾਤ, ਕਿਆਮਤ ਤੇ ਸ਼ੈਤਾਨ ਆਦਿ ਦਾ ਤਜ਼ਰਕਾ, ਹਜ਼ਰਤ ਇਬਰਾਹੀਮ, ਹਜ਼ਰਤ ਮੂਸਾ, ਸੁਲੇਮਾਨ, ਯੂਨਸ, ਯੂਸਫ ਤੇ ਈਸਾ ਦੇ ਜੀਵਨ ਸਮਾਚਾਰ, ਮਾਲੇ ਗਨੀਮਤ ਦੀ ਵੰਡ। ਅੰਤ ਵਿਚ ਸ਼ੈਤਾਨ ਤੋਂ ਬਚਣ ਲਈ ਰੱਬ ਤੋਂ ਦੁਆ ਮੰਗੀ ਗਈ ਹੈ।

## ਫਰਿਸ਼ਤੇ :

ਕਤੇਬੀ ਮੱਤਾਂ ਅਨੁਸਾਰ ਫਰਿਸ਼ਤਿਆਂ ਦੀ ਗਿਣਤੀ ਸਵਾ ਲੱਖ ਹੈ। ਇਨ੍ਹਾਂ ਵਿਚੋਂ ਹੇਠ ਲਿਖੇ ਚਾਰ ਪ੍ਰਸਿਧ ਤੇ ਮੁਖੀ ਫਰਿਸ਼ਤੇ ਮੰਨੇ ਗਏ ਹਨ :-

1. **ਜ਼ਬਰਾਈਲ** : ਖੁਦਾ ਦਾ ਕਾਸਦ (ਸੁਨੇਹਾ ਪਹੁੰਚਾਣ ਵਾਲਾ) ਹੈ। ਇਸ ਨੇ ਸਮੇਂ ਸਮੇਂ ਸਿਰ ਰੱਬ ਦੇ ਸੁਨੇਹੇ ਪੈਗੰਬਰਾਂ ਤਕ ਪਹੁੰਚਾਏ ਹਨ। ਇਸਨੇ ਬਹੁਤ ਸਾਰੀਆਂ ਆਇਤਾਂ ਹਜ਼ਰਤ ਮੁਹੰਮਦ ਸਾਹਿਬ ਨੂੰ ਲਿਆ ਕੇ ਦਿਤੀਆਂ ਸਨ।
2. **ਮੀਕਾਈਲ** : ਇਹ ਰਿਜ਼ਕ ਪਹੁੰਚਾਦਾ ਹੈ। ਮੀਂਹ ਪਾਉਂਦਾ ਹੈ ਤੇ ਇਸਰਾਈਲੀ ਵੰਸ਼ ਦਾ ਸਰਪ੍ਰਸਤ ਹੈ।
3. **ਇਸਰਾਈਲ** : ਕਿਆਮਤ ਦੇ ਦਿਨ ਤੁਰਮ (ਸੰਖ) ਵਜਾਉਂਦਾ ਹੈ, ਤੇ ਮੁਰਦੇ ਉਠਾਉਂਦਾ ਹੈ। ਇਹ ਪਰਲੋ ਲਿਆ ਕੇ ਸੰਸਾਰ ਖਤਮ ਕਰਨ ਵਾਲਾ ਮੰਨਿਆ ਗਿਆ ਹੈ।

4. **ਇਜ਼ਰਾਈਲ :** ਇਹ ਮੌਤ ਦਾ ਫਰਿਸ਼ਤਾ ਕਰਕੇ ਮੰਨਿਆ ਜਾਂਦਾ ਹੈ। ਇਸਨੂੰ ਮਲਕੁਲ ਮੌਤ ਵੀ ਕਹਿੰਦੇ ਸਨ।

**ਮੁਸਲਮਾਨਾਂ ਦੇ ਤਿਉਹਾਰ**

1. **ਈਦੁਲ ਫਿਤਰ :** ਰਮਜ਼ਾਨ ਦੇ ਮਹੀਨੇ ਦੇ ਅੰਤ ਹੋਣ ਉਤੇ, ਜਦੋਂ ਰੋਜ਼ੇ ਮੁਕਦੇ ਹਨ, ਤਾਂ ਇਹ ਤਿਉਹਾਰ ਮਨਾਇਆ ਜਾਂਦਾ ਹੈ। ਚੰਨ ਵੇਖ ਕੇ ਈਦ ਦਾ ਐਲਾਨ ਕੀਤਾ ਜਾਂਦਾ ਹੈ। ਜੇਕਰ ਚੰਨ ਨਾ ਵਿਖਾਈ ਦੇਵੇ ਤਾਂ ਈਦ ਇਕ ਅੱਧ ਦਿਨ ਪਿਛੇ ਪਾਈ ਜਾ ਸਕਦੀ ਹੈ।

2. **ਈਦੁਲ ਜ਼ੁਹਾ :** ਇਹ ਜੇਅਲ ਹਿਜਾਹ ਮਹੀਨੇ ਦੀ ਦਸਵੀਂ ਤਰੀਕ ਨੂੰ ਮਨਾਈ ਜਾਂਦੀ ਹੈ। ਇਸ ਦਿਨ ਪਸ਼ੂਆਂ ਦੀ ਕੁਰਬਾਨੀ ਦਿਤੀ ਜਾਂਦੀ ਹੈ। ਇਸਨੂੰ ਬਕਰਹ-ਈਦ ਵੀ ਆਖਦੇ ਹਨ। ਬਕਰਹ ਤੋਂ ਭਾਵ ਗਊਦੀ ਕੁਰਬਾਨੀ ਦੇਣ ਤੋਂ ਹੈ।

3. **ਸ਼ਬ ਬਰਾਤ–** ਇਹ ਤਿਉਹਾਰ ਸ਼ਅਬਾਨੀ ਮਹੀਨੇ ਦੀ 15 ਵੀਂ ਨੂੰ ਮਨਾਇਆ ਜਾਂਦਾ ਹੈ। ਹਜ਼ਰਤ ਸਾਹਿਬ ਦਾ ਹੁਕਮ ਹੈ ਕਿ ਮੁਸਲਮਾਨ ਇਸ ਰਾਤ ਜਾਗਾ ਕਟਣ ਤੇ ਰੋਜ਼ਾ (ਵਰਤ) ਰੱਖਕੇ ਕੁਰਾਨ ਦੇ 5● ਰੁਕੂਜ਼ੁਰ ਪੜ੍ਹਨ, ਕਿਉਂਕਿ ਇਸ ਰਾਤ ਖੁਦਾ ਬੰਦਿਆ ਦੇ ਸਾਰੇ ਕਰਮ ਵਹੀ ਤੇ ਲਿਖਦਾ ਹੈ।

4. **ਨੌ ਰੋਜ਼ :** ਇਹ ਹਿਜਰੀ ਸੰਨ ਦਾ ਪਹਿਲਾ ਦਿਨ ਹੈ, ਜੋ ਨਵੇਂ ਈਸਵੀ ਸਾਲ ਦੀ ਤਰ੍ਹਾਂ ਹੀ ਮਨਾਇਆ ਜਾਦਾ ਹੈ। ਪੂਰਾ ਇਕ ਅਫਤਾ ਖੁਸ਼ੀਆਂ ਮਨਾਇਆਂ ਜਾਂਦੀਆਂ ਹਨ।

5. **ਆਖਰੀ ਚਹਾਰ ਸ਼ੰਭਾ :** 'ਸਫਰ' ਦੇ ਮਹੀਨੇ ਦਾ ਆਖਰੀ ਬੁਧਵਾਰ। ਇਸ ਦਿਨ ਬੀਮਾਰੀ ਤੋਂ ਉਠ ਕੇ ਹਜ਼ਰਤ ਸਾਹਿਬ ਨੇ ਇਸ਼ਨਾਨ ਕੀਤਾ ਸੀ।

6. **ਮੌਲੂਦ :** ਇਹ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਦਿਨ ਹੈ। 'ਰਬੀਉਲ ਅਵਲ' ਮਹੀਨੇ ਦੀ ਬਾਰ੍ਹਵੀਂ ਤਰੀਕ ਨੂੰ ਹੁੰਦਾ ਹੈ।

7. **ਲਤੁਰ ਗਾਇਬ :** ਇਹ 'ਰਜਬ' ਮਹੀਨੇ ਦਾ ਪਹਿਲਾ ਸ਼ੁਕਰਵਾਰ ਹੈ। ਇਸ ਦਿਨ ਰੋਜ਼ਾ ਰੱਖ ਕੇ ਦੁਆ ਮੰਗਣ ਦਾ ਹੁਕਮ ਹੈ। ਇਸ ਦਾ ਅਰਥ ਫਰਜ਼ ਪੂਰਾ ਕਰਨ ਦੀ ਰਾਤ ਹੈ।

**ਮੁਸਲਮਾਨਾਂ ਦੇ ਫਿਰਕੇ :** ਹਜ਼ਰਜਤ ਮੁਹੰਮਦ ਸਾਹਿਬ ਦੇ ਦੇਹਾਂਤ ਦੇ ਥੋੜ੍ਹਾ ਸਮਾਂ ਮਗਰੋਂ ਇਸਲਾਮ ਵਿਚ ਧਾਰਮਕ ਮੱਤ-ਭੇਦ ਪੈਦਾ ਹੋ ਗਏ। ਕੁਰਾਨ ਅਤੇ ਪੈਗੰਬਰ ਨੂੰ ਤਾਂ ਪਹਿਲਾਂ ਹੀ ਮੰਨਿਆ ਜਾਂਦਾ ਸੀ, ਪਰ ਹੁਣ ਇਸਦੇ ਨਾਲ 'ਸੁੰਨਤ' ਅਰਥਾਤ ਸਦਾਚਾਰ ਨੂੰ ਵੀ ਮਿਲਾ ਲਿਆ ਗਿਆ ਤੇ ਇਸ ਆਧਾਰ ਉਤੇ ਹਦੀਸਾਂ (ਸਦਾਚਾਰ ਦੀਆਂ ਪੁਸਤਕਾਂ) ਲਿਖਿਆਂ ਗਈਆਂ। ਹਦੀਸਾਂ ਕਈ ਹਨ, ਪਰ ਤਿਰਮਜ਼ੀ ਤੇ ਬੁਖਾਰੀ ਵਧੇਰੇ ਪ੍ਰਸਿਧ ਹਨ। ਜਿਉਂ ਜਿਉਂ ਮੁਸਲਮਾਨਾਂ ਨੇ ਅਰਬ ਵਿਚੋਂ ਨਿਕਲਕੇ ਦੂਜੇ ਦੇਸ਼ਾਂ ਵਿਚ ਵਸਣਾ ਸ਼ੁਰੂਕੀਤਾ, ਤਿਉਂ ਉਨ੍ਹਾਂ ਉਤੇ ਦੂਜੇ ਦੇਸ਼ਾਂ ਦੀ ਰਹਿਣੀ ਬਹਿਣੀ ਦਾ ਵੀ ਅਸਰ ਪਿਆ। ਉਨ੍ਹਾਂ ਦੀ ਬੁਧੀ ਵੀ ਵਿਕਸਤ ਹੋਈ। ਉਨ੍ਹਾਂ ਵਿਚ ਆਪਣੇ ਧਰਮ-ਗਰੰਥਾਂ ਦੇ ਅਸਲੀ ਜਾਂ ਨਕਲੀ ਹੋਣ ਬਾਰੇ ਵੀ ਵਿਚਾਰ ਛਿੜ ਪਈ। ਇਨ੍ਹਾਂ ਤੇ ਹੋਰ ਕਈ ਵਿਚਾਰਾਂ ਕਾਰਨ ਮੁਸਲਮਾਨਾਂ ਵਿਚ ਮਤਭੇਦ ਪੈਦਾ ਹੋ ਗਏ ਤੇ ਮੁਹੰਮਦ ਸਾਹਿਬ ਦਾ ਇਕ ਮਜ਼ਰਬ 73 ਫਿਰਕਿਆਂ ਵਿਚ ਵੰਡਿਆ ਗਿਆ। ਇਨ੍ਹਾਂ ਵਿਚੋਂ

ਮੁਖੀ ਫਿਰਕੇ ਤਾਂ ਨੌਂ ਹੀ ਹਨ ਜੋ ਆਪਣੀਆਂ ਸ਼ਾਖਾਂ ਛਡਦੇ ਗਏ ਤੇ ਫਿਰਕਿਆਂ ਦੀ ਗਿਣਤੀ 73 ਤਕ ਜਾ ਪੁਜੀ। ਇਨ੍ਹਾਂ ਵਿਚ ਲੜਾਈ-ਝਗੜੇ ਵੀ ਹੁੰਦੇ ਰਹਿੰਦੇ ਹਨ। ਸ਼ੀਆਂ ਅਤੇ ਸੁੰਨੀ ਫਿਰਕੇ ਤਾਂ ਅਜੇ ਤਕ ਵੀ ਆਪਸ ਵਿਚ ਫਸਾਦ ਕਰਦੇ ਰਹਿੰਦੇ ਹਨ।

**ਪ੍ਰਸਿੱਧ ਖਲੀਫ਼ੇ** : ਖ਼ਲੀਫਾ ਦਾ ਅਰਥ ਹੈ 'ਪਿੱਛੇ ਛੱਡਣਾ' । ਭਾਵ ਇਹ ਕਿ ਆਪਣੀ ਗੈਰਹਾਜ਼ਰੀ ਦੇ ਸਮੇਂ ਲਈ ਆਪਣਾ ਪ੍ਰਤੀਨਿਧ ਮੁਕੱਰਰ ਕਰਨਾ। ਮੁਹੰਮਦ ਸਾਹਿਬ ਦੀ ਮੌਤ ਮਗਰੋਂ ਜੋ ਇਸਲਾਮ ਦੇ ਮੁਖੀਏ, ਪੈਗੰਬਰ ਦੀ ਥਾਂ ਰਾਜ ਦਾ ਪ੍ਰਬੰਧ ਕਰਨ ਵਾਲੇ ਅਤੇ ਧਰਮ-ਪ੍ਰਚਾਰਕ ਹੋਏ, ਉਨ੍ਹਾਂ ਨੂੰ ਖਲੀਫਾ ਕਿਹਾ ਜਾਂਦਾ ਹੈ।

ਖਲੀਫੇ ਪਹਿਲਾਂ ਮੱਕੇ ਵਿਚ ਰਹਿੰਦੇ ਸਨ, ਜਿਨ੍ਹਾਂ ਵਿਚੋਂ ਚਾਰ ਪ੍ਰਮੁਖ ਹਨ :

1. **ਹਜ਼ਰਤ ਅਬੂਬਕਰ** : ਆਪ ਹਜ਼ਰਤ ਮੁਹੰਮਦ ਸਾਹਿਬ ਦੀ ਪਤਨੀ 'ਆਇਸ਼ਾਂ' ਦੇ ਪਿਤਾ ਸਨ ਅਤੇ 60 ਵਰ੍ਹੇ ਦੀ ਉਮਰ ਵਿਚ ਖਲੀਫ਼ਾ ਮੁਕੱਰਰ ਹੋਏ ਸਨ ਅਤੇ ਕੇਵਲ ਸਵਾ ਦੋ ਸਾਲ ਖਲੀਫਾ ਰਹਿ ਕੇ 23 ਅਗਸਤ ਸੰਨ 634 ਨੂੰ ਕਾਲ ਵੱਸ ਹੋ ਗਏ। ਇਨ੍ਹਾਂ ਦਾ ਖ਼ਤਾਬ ਰਸੂਲ ਅੱਲਾ ਸੀ।

2. **ਹਜ਼ਰਤ ਦੀ ਉਮਰ** : ਆਪ ਵੀ ਮੁਹੰਮਦ ਸਾਹਿਬ ਦੀ ਤੀਸਰੀ ਪਤਨੀ ਹਫ਼ਸ਼ਾਂ ਦੇ ਪਿਤਾ ਸਨ। ਇਹ ਇਸਲਾਮ ਦੇ ਉਤਮ ਪ੍ਰਚਾਰਕ ਸਨ। ਇਨ੍ਹਾਂ ਨੇ ਫ਼ਾਰਸ ਅਤੇ ਮਿਸਰ ਨੂੰ ਫਤਹਿ ਕੀਤਾ। ਇਨ੍ਹਾਂ ਨੇ ਅਲੈਕਜੈਂਡਰੀਆ ਦੀ ਜਗਤ-ਪ੍ਰਸਿੱਧ ਲਾਇਬ੍ਰੇਰੀ ਇਹ ਕਹਿ ਕੇ ਸਾੜ ਦਿਤੀ ਕਿ ਜੇ ਇਸ ਲਾਇਬਰੇਰੀ ਵਿਚ ਕੁਰਾਨ ਦੇ ਵਿਰੁਧ ਪੁਸਤਕਾਂ ਹਨ, ਤਾਂ ਇਸਦੀ ਕੋਈ ਲੋੜ ਨਹੀਂ ਅਤੇ ਜੇ ਕੁਰਾਨ ਦੇ ਅਨੁਸਾਰ ਹਨ ਤਦ ਭੀ ਉਨ੍ਹਾਂ ਦੀ ਲੋੜ ਨਹੀਂ, ਕਿਉਂਕਿ ਉਨ੍ਹਾਂ ਵਿਚਲਾ ਗਿਆਨ ਕੁਰਾਨ ਵਿਚ ਪਹਿਲਾਂ ਹੀ ਮੌਜੂਦ ਹੈ। ਇਨ੍ਹਾਂ ਨੇ ਹੀ ਯੂਰੋਸ਼ਲਮ ਨੂੰ ਫ਼ਤਿਹ ਕਰਕੇ ਓਥੇ ਇਕ ਵੱਡੀ ਮਸਜਿਦ ਬਣਾਈ ਸੀ, ਜੋ ਹੁਣ ਤੀਕ ਉਨ੍ਹਾਂ ਦੇ ਨਾਮ ਨਾਲ ਬੁਲਾਈ ਜਾਂਦੀ ਹੈ। ਇਨ੍ਹਾਂ ਨੇ ਇਸਲਾਮਿਕ ਸ਼ਰ੍ਹਾ ਅਨੁਸਾਰ ਕਾਨੂੰਨ ਬਣਾਏ। ਆਪ 3 ਨਵੰਬਰ ਸੰਨ 644 ਨੂੰ ਸਵੇਰ ਦੀ ਨਿਮਾਜ ਪੜ੍ਹ ਰਹੇ ਸਨ ਕਿ ਫਿਰੋਜ਼ ਗੁਲਾਮ ਨੇ ਆਪ ਨੂੰ ਖੰਜਰ ਮਾਰ ਕੇ ਜੱਖਮੀ ਕਰ ਦਿਤਾ ਤੇ ਤਿੰਨ ਦਿਨਾਂ ਮਗਰੋਂ ਕਾਲਵੱਸ ਹੋ ਗਏ। ਆਪ ਦਾ ਖ਼ਤਾਬ 'ਅਮੀਰਲ ਮੋਮਨੀਨ' ਸੀ।

3. **ਹਜ਼ਰਤ ਉਸਮਾਨ** : ਇਹ ਹਜ਼ਰਤ ਮੁਹੰਮਦ ਸਾਹਿਬ ਦੇ ਜਵਾਈ ਸਨ। ਮੁਹੰਮਦ ਸਾਹਿਬ ਦੀਆਂ ਦੋ ਧੀਆਂ, ਰੁਕੀਆ ਤੇ ਉਮੁਕਲਸੁਮ, ਇਨ੍ਹਾਂ ਨਾਲ ਵਿਆਹੀਆਂ ਹੋਈਆਂ ਸਨ। ਹਜ਼ਰਤ ਅਬੂਬਕਰ ਦੇ ਪੁਤਰ ਮੁਹੰਮਦ ਨੇ ਗੱਦੀ ਹਾਸਲ ਕਰਨ ਲਈ ਇਨ੍ਹਾਂ ਨੂੰ 30 ਜੂਨ 656 ਈ. ਨੂੰ ਮਦੀਨੇ ਵਿਚ ਕਤਲ ਕਰ ਦਿਤਾ ਸੀ।

4. **ਹਜ਼ਰਤ ਅਲੀ** : ਇਹ ਮੁਹੰਮਦ ਸਾਹਿਬ ਦੇ ਚਾਚੇ ਆਬੂਤਾਲਿਬ ਦੇ ਪੁਤਰ ਸਨ ਅਤੇ ਉਨ੍ਹਾਂ ਦੀ ਧੀ 'ਫਾਤਮਾ' ਦੇ ਪਤੀ ਸਨ। ਇਹ ਸੰਨ 656 ਤੋਂ 661 ਤੱਕ ਖਲੀਫਾ ਰਹੇ ਅਤੇ ਵਿਰੋਧੀਆਂ ਤੋਂ ਤੰਗ ਆ ਕੇ ਸੰਨ 661 ਵਿਚ ਖਲਾਫ਼ਤ ਤਿਆਗ ਦਿਤੀ, ਤਾਂ ਭੀ 'ਕੂਫਾ' ਨਾਮ ਦੇ ਅਸਥਾਨ ਤੇ ਅਬਦੁੰਰਹਮਾਨ ਨੇ ਆਪ ਨੂੰ ਕਤਲ ਕਰ ਦਿਤਾ।

**ਇਮਾਮ** : ਸੁੰਨੀ ਮੁਸਲਮਾਨ ਚਾਰ ਇਮਾਮਾਂ ਨੂੰ ਵੀ ਮੰਨਦੇ ਹਨ। ਇਮਾਮ ਦਾ ਅਰਥ ਗੁਰੂਅਥਵਾ ਧਰਮ ਦਾ ਅਚਾਰਯ ਹੁੰਦਾ ਹੈ। ਇਮਾਮ ਉਤੇ ਵਿਸ਼ਵਾਸ ਰੱਖਣ ਕਰਕੇ ਹੀ ਅਰਥ ਹੈ-ਇਮਾਮ ਸ਼ਾਫਈ ਦਾ ਚੇਲਾ। ਪ੍ਰਸਿੱਧ ਚਾਰ ਇਮਾਮ ਇਹ ਹਨ :

1. **ਅਬੂਹਨੀਫਾ** : ਇਨ੍ਹਾਂ ਦਾ ਜਨਮ 80 ਹਿਜਰੀ ਵਿਚ, ਕੂਫਾ (ਈਰਾਨ) ਵਿਚ ਹੋਇਆ। ਇਨ੍ਹਾਂ ਨੇ ਕੁਰਾਨ ਦੇ ਆਧਾਰ ਤੇ ਸਰ੍ਹਾ ਬਣਾਈ। ਇਨ੍ਹਾਂ ਦੇ ਪੈਰੋਕਾਰਾ ਨੂੰ 'ਹਨਫੀਯਰ' ਕਿਹਾ ਜਾਂਦਾ ਹੈ। ਇਹ 150 ਹਿਜਰੀ ਵਿਚ ਕਾਲਵਸ ਹੋਏ।

2. **ਸਾਫੀ** : ਇਨ੍ਹਾਂ ਦਾ ਪੂਰਾ ਨਾਮ ਇਬਨ ਇਦਰੀਸ ਸ਼ਾਫਈ ਸੀ। ਇਨ੍ਹਾਂ ਦਾ ਜਨਮ ਹਿਜਰੀ 150 ਤੇ ਮੌਤ ਹਿਜਰੀ 205 ਵਿਚ ਹੋਈ। ਆਪ ਬਹੁਤ ਵੱਡੇ ਵਿਦਵਾਨ ਸਨ ਤੇ ਇਨ੍ਹਾਂ ਦੇ ਫਿਰਕੇ ਦਾ ਨਾਮ 'ਸ਼ਾਫਯਹ' ਹੈ। ਇਨ੍ਹਾਂ ਦੇ ਕੁਰਾਨ ਅਤੇ ਪੈਗੰਬਰ ਦੇ ਸਦਾਚਾਰ ਨੂੰ ਮਿਲਾ ਕੇ ਸ਼ਰ੍ਹਾ ਦੇ ਕਾਨੂੰਨ ਬਣਾਏ।

3. **ਮਾਲਿਕ** : ਇਨ੍ਹਾਂ ਦਾ ਪੂਰਾ ਨਾਮ ਅਬੂਅਬਦੁਲਾ ਮਾਲਿਕ ਸੀ। ਇਹ ਮਹਾਨ ਵਿਦਵਾਨ ਤੇ ਕਠੋਰ ਤਪੱਸਵੀ ਸਨ ਤੇ ਪੈਗੰਬਰ ਦੇ ਆਚਰਨ ਨੂੰ ਹੀ ਆਦਰਸ਼ ਮੰਨਦੇ ਸਨ। ਇਨ੍ਹਾਂ ਨੇ ਹਦੀਸਾਂ ਦੇ ਮੰਨਣ ਤੇ ਖਾਸ ਜ਼ੋਰ ਦਿਤਾ। ਇਸ ਕਰਕੇ ਆਪ ਦੇ ਪੈਰੋਕਾਰਾਂ ਨੂੰ ਅਹਿਲੇ-ਹਦੀਸ ਵੀ ਕਿਹਾ ਜਾਂਦਾ ਹੈ। ਇਹ ਮਦੀਨੇ ਵਿਚ 94 ਹਿਜਰੀ ਵਿਚ ਜਨਮੇ ਤੇ 179 ਹਿਜਰੀ ਵਿਚ ਇਨ੍ਹਾਂ ਦਾ ਦੇਹਾਂਤ ਹੋ ਗਿਆ।

4. **ਅਹਿਮਦ ਬਿਨ ਹੰਬਲ** : ਇਹ 161 ਹਿਜ਼ਰੀ ਵਿਚ ਬਗਦਾਦ ਵਿਚ ਜਨਮੇ ਤੇ 241 ਹਿਜਰੀ ਵਿਚ ਇਨ੍ਹਾਂ ਦਾ ਦੇਹਾਂਤ ਹੋ ਗਿਆ। ਇਹ ਹਿਮਾਮ-ਸ਼ਾਫੀ ਦੇ ਸ਼ਗਿਰਦ ਸਨ। ਇਨ੍ਹਾਂ ਨੇ ਸ਼ਰ੍ਹਾ ਘੜਨ ਲਈ ਕੇਵਲ ਪੈਗੰਬਰ ਦੇ ਆਚਰਨ ਨੂੰ ਹੀ ਵਰਤਿਆ। ਇਨ੍ਹਾਂ ਦਾ ਵਿਚਾਰ ਸੀ ਕਿ ਕੁਰਾਨ ਰੱਬੀ-ਕਲਾਮ ਹੈ, ਜਿਸਦੇ ਸਹੀ ਅਰਥ ਕਰਨੇ ਮਨੁਖ ਦੀ ਅਕਲ ਦੇ ਵਸ ਦਾ ਕੰਮ ਨਹੀਂ ਹੈ।

**ਇਸਲਾਮ ਦੇ ਸਿਧਾਂਤ** :

1. **ਇਕ ਈਸ਼ਵਰਵਾਦ** : ਇਸਲਾਮ ਇਕ ਈਸ਼ਵਰ ਦੀ ਹੋਂਦ ਵਿਚ ਨਿਸਚਾ ਰਖਦਾ ਹੈ। ਇਸਲਾਮ ਅਨੁਸਾਰ ਰੱਬ ਸਰਬ ਸ਼ਕਤੀਮਾਨ ਹੈ ਅਤੇ ਜੋ ਮਰਜ਼ੀ ਚਾਹੇ ਉਹੀ ਕਰਦਾ ਹੈ। ਉਸ ਉਤੇ ਕੋਈ ਨਿਯਮ ਲਾਗੂ ਨਹੀਂ ਹੁੰਦਾ । ਕਿਸੇ ਪ੍ਰਕਾਰ ਦਾ ਕੋਈ ਕੁਦਰਤੀ ਨਿਯਮ ਜਾਂ ਅਨਾਦੀ ਵਿਵਸਥਾ ਰੱਬ ਦੀ ਸ਼ਕਤੀ ਨੂੰ ਨਹੀਂ ਘਟਾਉਂਦੀ। ਸਮੁੱਚੇ ਤੌਰ ਤੇ ਰੱਬ ਆਪਣੇ ਪੈਦਾ ਕੀਤੇ ਬੰਦਿਆ ਵੱਖ ਰਹਿਮ ਅਤੇ ਪਿਆਰ ਦਾ ਵਤੀਰਾ ਰਖਦਾ ਹੈ। ਰੱਬ ਉਨ੍ਹਾਂ ਸਾਰਿਆਂ ਦੇ ਗੁਨਾਹ ਬਖਸ਼ ਦਿੰਦਾ ਹੈ, ਜਿਨ੍ਹਾਂ ਦੀ ਸਿਫਾਰਿਸ਼ ਮੁਹਮੰਦ ਸਾਹਿਬ ਕਰਦੇ ਹਨ। ਹਰ ਥਾਂ ਰੱਬ ਦਾ ਹੁਕਮ ਚਲਦਾ ਹੈ। ਉਸ ਤੋਂ ਬਿਨਾਂ ਕਿਸੇ ਦੂਜੇ ਦੀ ਪੂਜਾ ਬਿਵਰਜਤ ਹੈ।

ਰੱਬ (ਅੱਲਾਹ) ਸਤਵੇਂ ਆਕਾਸ਼ ਤੇ ਰਹਿੰਦਾ ਹੈ। ਉਸਦਾ ਤਖਤ ਫਰਿਸ਼ਤਿਆਂ ਨੇ ਚੁਕਿਆ ਹੋਇਆ ਹੈ।

2. **ਹਜ਼ਰਤ ਮੁਹੰਮਦ-** ਰੱਬ ਦਾ ਆਖਰੀ ਪੈਗੰਬਰ : ਇਸਲਾਮ ਪੈਗੰਬਰਾਂ ਦੀ ਹੋਂਦ ਵਿਚ ਵਿਸ਼ਵਾਸ਼ ਰੱਖਦਾ ਹੈ ਅਤੇ ਮੰਨਦਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਤੋਂ ਪਹਿਲਾਂ ਰੱਬ ਦਾ ਹੁਕਮ ਇਬਰਾਹੀਮ, ਮੂਸਾ, ਈਸਾ ਜੀ ਅਤੇ ਹੋਰ ਕਈ ਪੈਗੰਬਰਾਂ ਨੇ ਲੋਕਾਂ ਨੂੰ ਸੁਣਾਇਆ। ਪਰ ਇਸਲਾਮ ਮੁਹੰਮਦ ਸਾਹਿਬ ਨੂੰ ਆਖਰੀ ਤੇ ਸਭ ਤੋਂ ਵੱਡਾ ਪੈਗੰਬਰ ਮੰਨਦਾ ਹੈ। ਇਨ੍ਹਾਂ ਦੀ ਸਿਫਾਰਿਸ਼ ਤੋਂ ਬਿਨਾਂ ਰੱਬ ਕਿਸੇ ਦੇ ਗੁਨਾਹ ਨਹੀਂ ਬਖਸ਼ੇਗਾ। ਕਰਾਮਾਤ, ਪੈਗੰਬਰੀ ਦੀ ਇਕ ਸ਼ਰਤ ਮੰਨੀ ਗਈ ਹੈ। ਮੁਹੰਮਦ ਸਾਹਿਬ ਦੇ ਪੈਗੰਬਰ (ਰਸੂਲ) ਹੋਣ ਬਾਰੇ ਕੁਰਾਨ ਵਿਚ ਇਹ ਅੰਕਿਤ ਹੈ ਕਿ :

'ਲਾ-ਇਲਾ-ਇਲਿਲਾ ਹੋ ਮੁਹੰਮਦ ਰਸੂਲ ਅਲਾਹ।"

**ਅਰਥ** : ਮੈਂ ਗਵਾਹੀ ਦਿੰਦਾ ਹਾਂ ਕਿ ਬਿਨਾਂ ਅਲਾਹ ਦੇ ਹੋਰ ਕੁਝ ਵੀ ਨਹੀਂ। ਉਹ ਇਕ ਹੈ ਤੇ ਮੁਹੰਮਦ ਉਸ ਦਾ ਰਸੂਲ ਹੈ।)

3. **ਸਲਾਤ, ਨਿਮਾਜ, ਦੁਆ ਜਾਂ ਪ੍ਰਾਥਨਾ** : ਰੱਬ ਅਗੇ ਦਿਨ ਵਿਚ ਪੰਜ ਵਾਰ ਵਿਸ਼ੇਸ਼ ਸਮਿਆਂ ਉਤੇ ਪ੍ਰਾਥਨਾ ਜਾਂ ਦੁਆ ਕੀਤੀ ਜਾਂਦੀ ਹੈ, ਜਿਸਨੂੰ ਅਰਬੀ ਵਿਚ ਸਲਾਤ ਅਤੇ ਫਾਰਸੀ ਵਿਚ ਨਮਾਜ ਕਿਹਾ ਜਾਂਦਾ ਹੈ। ਇਸ ਵਿਚ ਕੁਝ ਆਇਤਾ ਜ਼ੁਬਾਨੀ ਪੜ੍ਹੀਆਂ ਜਾਂਦੀਆਂ ਹਨ ਅਤੇ ਨਾਲ ਹੀ ਕੁਝ ਸਰੀਰਕ ਆਸਣ ਬਦਲੇ ਜਾਂਦੇ ਹਨ। ਨਿਮਾਜ਼ ਤੋਂ ਪਹਿਲਾਂ ਸਰੀਰ ਅਤੇ ਬਸਤਰ ਚੰਗੀ ਤਰ੍ਹਾਂ ਸ਼ੁਧ ਕਰਨੇ ਚਾਹੀਦੇ ਹਨ। ਧਰਤੀ ਵੀ ਸਾਫ ਤੇ ਪਵਿੱਤਰ ਹੋਣੀ ਚਾਹੀਦੀ ਹੈ। ਨਿਮਾਜ਼ ਇਕ ਇਕੱਲਾ ਮੁਸਲਮਾਨ ਵੀ ਪੜ੍ਹ ਸਕਦਾ ਹੈ ਅਤੇ ਦੂਜੇ ਮੁਸਲਮਾਨਾਂ ਨਾਲ ਮਿਲਕੇ ਵੀ ਸਾਂਝੀ ਨਿਮਾਜ਼ ਮਸਜਿਦ ਵਿਚ ਪੜ੍ਹੀ ਜਾਂਦੀ ਹੈ। ਇਸ ਵਿਚ ਇਕ ਨਿਮਾਜ਼ੀ ਬਾਕੀਆਂ ਦੀ ਅਗਵਾਈ ਕਰਦਾ ਹੈ। ਨਿਮਾਜ਼ ਦੇ ਆਗੂਨੂੰ ਇਮਾਮ ਕਹਿੰਦੇ ਹਨ। ਮਸਜਿਦ ਵਿਚ ਸਾਂਝੀ-ਨਿਮਾਜ਼ ਪੜ੍ਹਨ ਤੋਂ ਪਹਿਲਾਂ ਮਸਜਿਦ ਦੇ ਮੀਨਾਰ ਉਪਰ ਚੜ੍ਹ ਕੇ ਅਜ਼ਾਨ (ਬਾਂਗ) ਦੇਣਾ ਜ਼ਰੂਰੀ ਹੈ, ਤਾਂ ਕਿ ਬਾਂਗ ਸੁਣ ਕੇ ਸਭ ਇਕੱਠੇ ਹੋ ਜਾਣ। ਨਿਮਾਜ਼ ਸਮੇਂ ਜੁਤੀ ਦਾ ਉਤਾਰਨਾ ਅਤੇ ਸਿਰ ਢਕਿਆ ਹੋਣਾ ਜ਼ਰੂਰੀ ਹੈ। ਨਮਾਜ਼ ਕਾਅਬੇ ਵਲ ਨੂੰ ਮੂੰਹ ਕਰਕੇ ਪੜ੍ਹੀ ਜਾਣੀ ਚਾਹੀਦੀ ਹੈ।

**ਪੰਜ ਨਿਮਾਜ਼ਾਂ ਇਹ ਹਨ :-**

(ੳ) ਸਲਾਤੁੱਲ ਫ਼ਜ਼ਰ, ਜਾਂ ਨਮਾਜ਼ੇ ਮੁਬਹ- ਪਹੁ ਫੁੱਟਣ ਤੋਂ ਲੈ ਕੇ ਸੂਰਜ ਚੜ੍ਹਨ ਤੀਕ ਦੀ ਨਿਮਾਜ਼।

(ਅ) ਸਲਾਤੁੱਲ ਜ਼ਹਰ, ਜਾਂ ਨਮਾਜ਼ੇ ਪੇਸ਼ੀਨ- ਜਦ ਸੂਰਜ ਢਲਣ ਲਗੇ, ਉਸ ਵੇਲੇ ਦੀ ਨਿਮਾਜ।

(ੲ) ਸਲਾਤੁੱਲ ਅਸਰ, ਜਾਂ ਨਮਾਜ਼ੇ ਦੀਗਰ-ਤੀਸਰੇ ਪਹਿਰ ਦੀ ਨਿਮਾਜ਼।

(ਸ) ਸਲਾਤੁੱਲ ਮਗਰਿਬ, ਜ਼ਾਂ ਨਮਾਜ਼ੇ ਸ਼ਾਮ-ਸੂਰਜ ਛਿਪਣ ਤੋਂ ਲੈ ਕੇ ਸੂਰਜ ਚੜ੍ਹਨ ਤਕ ਦੀ ਨਿਮਾਜ਼।

(ਹ) ਸਲਾਤੁੱਲ ਇਸ਼ਾ, ਜਾਂ ਨਮਾਜ਼ੇ ਖ਼ੁਫਤਨ- ਸੌਣ ਵੇਲੇ ਦੀ ਨਿਮਾਜ਼।

ਉਪਰੋਕਤ ਪੰਜ ਨਿਮਾਜ਼ਾਂ ਤੋਂ ਛੁਟ ਹੇਠ ਲਿਖੀਆਂ ਤਿੰਨ ਅਖਤਿਆਰੀ ਨਿਮਾਜ਼ਾਂ ਵੀ ਹਨ:

(ੳ) ਚਲਾਤੁੱਲ ਇਸ਼ਰਾਕ, ਜਾਂ ਨਮਾਜ਼ੇ ਇਸਹਾਨ-ਜਦ ਸੂਰਜ ਚੰਗੀ ਤਰ੍ਹਾਂ ਚੜ੍ਹ ਆਵੇ, ਉਸ ਵੇਲੇ ਦੀ ਨਿਮਾਜ਼।

(ਅ) ਸਲਾਤੁੱਲ ਜ਼ੁਹਾ, ਜਾਂ ਨਮਾਜ਼ੇ ਚਾਸ਼ਤ-ਦਿਨ ਦੇ ਲਗਭਗ 11 ਵਜੇ ਦੀ ਨਿਮਾਜ਼।

(ੲ) ਸਲਾਤੁੱਲ ਤੱਤਜੁਦ, ਜਾਂ ਨਮਾਜ਼ੇ ਤੱਤਜੁਦ-ਅੱਧੀ ਰਾਤ ਤੋਂ ਕੁਝ ਪਿਛੋਂ ਦੀ ਨਿਮਾਜ਼।

ਇਨ੍ਹਾਂ ਦੋਂ ਇਲਾਵਾ ਦੋ ਨਿਮਾਜ਼ਾਂ ਈਦ ਦੀਆਂ ਹਨ। ਇਕ ਈਦੁਲ ਫ਼ਿਤਰ ਤੇ ਦੂਜੀ ਈਦੁਲ ਜ਼ਹਾ ਦੀ।

4. **ਰੋਜ਼ੇ ਜਾਂ ਵਰਤ** : ਮੁਸਲਮਾਨਾਂ ਨੂੰ ਰਮਜ਼ਾਨ ਦੇ ਮਹੀਨੇ ਵਿਚ 30 ਰੋਜ਼ੇ (ਵਰਤ) ਰਖਣ ਦਾ ਹੁਕਮ ਹੈ ਅਤੇ ਸ਼ੁਕਰਵਾਰ ਨੂੰ ਪਵਿੱਤਰ ਦਿਨ ਸਮਝਿਆ ਗਿਆ ਹੈ। ਹਿਜ਼ਰੀ ਸਾਲ ਦੇ ਨੌਂਵੇਂ ਮਹੀਨੇ ਨੂੰ 'ਰਮਜ਼ਾਨ' ਦਾ ਮਹੀਨਾ ਕਹਿੰਦੇ ਹਨ। ਇਸ ਮਹੀਨੇ ਰੋਜ਼ੇ ਰਖਣੇ ਕਹੇ ਹਨ। ਇਸ ਮਹੀਨੇ ਬਹਿਸ਼ਤਾਂ (ਸਵੱਰਗਾਂ) ਦੇ ਦਰਵਾਜ਼ੇ ਖੁਲ੍ਹੇ ਰਹਿੰਦੇ ਹਨ। ਸ਼ੈਤਾਨ ਇਨ੍ਹਾਂ ਦਿਨਾਂ ਵਿਚ ਕੈਦ ਹੁੰਦਾ ਹੈ। ਰੋਜ਼ਾ ਰਖਣਾ ਪਾਪਾਂ ਦਾ ਨਾਸ਼ਕ ਹੈ। (ਸੂਰਤ ਬਕਰ, ਆਯਤ 183 ਤੋਂ 187)।

ਰੋਜ਼ਾ ਦਿਨ ਨੂੰ ਹੁੰਦਾ ਹੈ, ਰਾਤ ਨੂੰ ਨਹੀਂ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਰਮਜ਼ਾਨ ਦੇ ਮਹੀਨੇ ਵਿਚ ਸ਼ੈਤਾਨ ਦੇ ਪੈਰਾਂ ਵਿਚ ਬੇੜੀਆਂ ਪਾ ਕੇ ਉਸ ਨੂੰ ਕੈਦ ਵਿਚ ਸੁਣਿਆ ਜਾਂਦਾ ਹੈ। ਇਸ ਮਹੀਨੇ ਰਖਿਆ ਗਿਆ ਇਕ ਰੋਜ਼ਾ ਭੀ ਹੋਰ ਸੈਂਕੜੇ ਦਿਨਾਂ ਨਾਲੋਂ ਉਤਮ ਹੈ। ਰਾਮਜ਼ਾਨ ਦੇ ਮਹੀਨੇ ਨੂੰ ਸਾਰੇ ਹੀ ਗੁਨਾਹਾਂ ਨੂੰ ਨਸ਼ਟ ਕਰਨ ਵਾਲਾ ਮਹੀਨਾ ਮੰਨਿਆ ਜਾਂਦਾ ਹੈ। ਕਹਿੰਦੇ ਹਨ ਇਸ ਮਹੀਨੇ ਦੀ ਦਸ ਤ੍ਰੀਕ ਤੱਕ ਰਹਿਮਤ ਵਸਦੀ ਹੈ, ਵੀਹ ਤ੍ਰੀਕ ਤਕ ਪਦਾਰਥ ਅਤੇ ਫਿਰ ਤੀਹ ਤ੍ਰੀਕ ਤੱਕ ਦੋਜ਼ਖ (ਨਰਕ) ਤੋਂ ਨਿਜਾਤ (ਛੁਟਕਾਰਾ) ਮਿਲਦੀ ਹੈ ਤੇ ਹੋਰ ਵੀ ਪੰਦਰਾਂ ਖਾਸ ਰਹਿਮਤਾਂ ਨਾਜ਼ਲ ਹੁੰਦੀਆਂ ਹਨ, ਜਿਵੇਂ ਕਿ ਮਾਲ-ਦੌਲਤ, ਖਾਣ ਪੀਣ ਦੀ ਬਹੁਤਾਤ, ਇਬਾਦਤ ਲਗ ਜਾਣ ਤੇ ਹੋਰ ਵੀ ਕੁਝ ਨੇਕੀਆਂ ਦਾ ਵਾਧਾ ਹੁੰਦਾ ਹੈ। ਇਸ ਮਹੀਨੇ ਵਿਚ ਜ਼ਬਰਾਈਲ ਤੇ ਹੋਰ ਸੱਠ ਹਜ਼ਾਰ ਫ਼ਰਿਸ਼ਤਿਆਂ ਦਾ ਅਸਮਾਨਾਂ ਤੋਂ ਨੂਰੀ ਝੰਡੇ ਲਹਿਰਾਉਂਦੇ ਹੋਇਆਂ ਧਰਤੀ ਤੇ ਉਤਰਨਾ ਤੇ ਕਾਅਬਾ ਸ਼ਰੀਫ, ਹੁਜਰਾ ਮੁਹੰਮਦ ਸਾਹਿਬ ਮਸਜਿਦ ਬੈਤੁਲ ਮੁਕੱਦਸ ਆਦਿ ਤੇ ਜਾਣਾ ਤੇ ਫਿਰ ਸਾਰੇ ਸੰਸਾਰ ਵਿਚ ਫੈਲ ਜਾਣਾ ਮੰਨਿਆ ਗਿਆ ਹੈ।

**5. ਹੱਜ ਅਥਵਾ ਮੱਕੇ ਦੀ ਯਾਤਰਾ :**

ਹਰ ਮੁਸਲਮਾਨ ਲਈ ਜ਼ਰੂਰੀ ਹੈ ਕਿ ਉਹ ਇਕ ਵਾਰ ਮੱਕੇ ਜਰੂਰ ਜਾਵੇ ਅਤੇ ਕਾਅਬੇ ਦੇ ਮੰਦਰ ਵਿਚ ਜਾ ਕੇ ਮੰਗੇ-ਅਸਵਦ ਦੇ ਦਰਸ਼ਨ ਦਰੇ।

ਹੱਜ ਅਕਸਰ ਹਿਜਰੀ ਸਾਲ ਦੇ 12ਵੇਂ ਮਹੀਨੇ 'ਜ਼ੂਅਲ ਹੱਜ' ਵਿਚ ਕੀਤਾ ਜਾਂਦਾ ਹੈ। ਹੱਜ ਕਰਨ ਵਾਲੇ (ਹਾਜੀ) ਕਾਅਬੇ ਵਿਚ ਜਾ ਕੇ ਸੰਗੇ ਅਸਵਦ ਨੂੰ ਚੁੰਮਦੇ ਹਨ ਅਤੇ 'ਮੰਦਰ' ਦੀਆਂ (ਪਰਕਰਮਾਂ ਕਰਦੇ ਹਨ। ਉਹ ਚਾਹਿ ਜ਼ਮਜ਼ਮ (ਜਿਸਦਾ ਪਾਣੀ) ਰੰਗਾ ਦੀ ਤਰ੍ਹਾਂ ਪਵਿੱਤਰ ਮੰਨਿਆ ਜਾਂਦਾ ਹੈ) ਤੋਂ ਪਾਣੀ ਮੰਗਾ ਕੇ ਪੀਂਦੇ ਹਨ।

ਹੱਜ ਦੀ ਵੀ ਇਕ ਵਿਸ਼ੇਸ਼ ਵਿਧੀ ਹੈ ਹਾਜੀਆਂ ਦਾ ਕਾਫਲਾ (ਜੱਥਾ) ਮੱਕੇ ਤੋਂ ਇਕ ਪੜਾ ਪਹਿਲਾਂ ਇਸ਼ਨਾਨ ਕਰਦਾ ਹੈ। ਹਾਜੀ ਇਕ ਚਾਦਰ ਤੇੜ ਪਹਿਣਦੇ ਹਨ ਅਤੇ ਇਕ ਚਾਦਰ ਲੈ ਲੈਂਦੇ ਹਨ। ਨੰਗੇ ਪੈਰੀਂ ਜਾਂ ਖੜ੍ਹਾਵਾਂ ਪਾ ਕੇ ਚਲਦੇ ਹਨ। ਇਸ ਮਰਯਾਦਾ ਦੇ ਪਾਲਣ ਨੂੰ "ਅਹਿਰਾਮ ਬੰਨ੍ਹਣਾ" ਕਹਿੰਦੇ ਹਨ। ਇਸ ਪੜਾ ਤੋਂ ਚਲ ਕੇ ਸਾਰੇ ਇਕ ਗੀਤ ਗਾਉਂਦੇ ਹਨ, ਜਿਸ ਦਾ ਭਾਵ ਇਸ ਪ੍ਰਕਾਰ ਹੈ: "ਮੈਂ ਤੇਰੀ ਸੇਵਾ ਲਈ ਖੜ੍ਹਾ ਹਾਂ ਤੇਰੇ ਸ਼ਰੀਕ (ਬਰਾਬਰ ਦਾ) ਕੋਈ ਨਹੀਂ ਹੈ। ਨਿਸ਼ਚੇ ਕਰਕੇ ਤੇਰੀ ਹੀ ਵਡਿਆਈ ਹੈ ਅਤੇ ਤੇਰਾ ਹੀ ਰਾਜ ਹੈ। ਇਸ ਨੂੰ 'ਤਬਲੀਆਂ ਗੀਤ' ਕਹਿੰਦੇ ਹਨ।

ਕਾਅਬੇ ਕੋਲ ਇਸ਼ਨਾਨ ਕਰ ਕੇ, ਕਾਅਬੇ ਦੀਆਂ ਸੱਤ ਪਰਕਰਮਾਂ ਕਰਦੇ ਹਨ। ਪਹਿਲੀਆਂ ਤਿੰਨ ਪਰਕਰਮਾਂ ਕਾਅਬੇ ਨੂੰ ਖੱਬੇ ਹਥ ਰਖ ਕੇ ਤੇਜ਼ ਤੁਰ ਕੇ ਕਰੀਆਂ ਜਾਂਦੀਆਂ ਹਨ ਤੇ ਮਗਰਲੀਆਂ ਚਾਰ ਹੌਲੀ ਹੌਲੀ ਤੁਰ ਕੇ। ਹਰ ਪਰਕਰਮਾਂ ਦੇ ਖਤਮ ਹੋਣ ਤੇ ਸੰਗੇ ਅਸਵਦ ਨੂੰ ਚੁੰਮਦੇ ਹਨ। ਫਿਰ ਹਜ਼ਰਤ ਇਬਰਾਹੀਮ ਦੇ ਘਰ ਦੀ ਯਾਤਰਾ ਕਰਨ ਮਗਰੋਂ ਪਾਸ ਦੀ ਪਹਾੜੀ ਉਤੇ ਪਹੁੰਚ ਕੇ ਪ੍ਰਾਰਥਨਾ ਕਰਦੇ ਹਨ। ਫੇਰ ਮਰਵਾ ਚੋਟੀ ਉਤੇ ਚੜ੍ਹ ਕੇ ਨਮਸਕਾਰ ਕਰ ਕੇ, ਖ਼ੁਤਬਾ ਸੁਣਦੇ ਹਨ। ਇਸ ਤੋਂ ਬਾਅਦ ਮਿਨਾਂ ਨਾਂ ਦੇ ਮੈਦਾਨ ਵਿਚ ਅਰਾਫਤ ਦੀ ਪਹਾੜੀ ਵਲ ਚਲ ਪੈਂਦੇ ਹਨ ਤੇ ਉਥੇ ਉਪਦੇਸ਼ ਸੁਣਦੇ ਤੇ ਬੇਨਤੀਆਂ ਕਰਦੇ ਹਨ। ਸ਼ਾਮ ਦੀ ਨਿਮਾਜ਼ 'ਮੁਜ਼ਦਿਲ ਲਫ਼ਾ' ਨਾਂ ਤੇ ਅਸਥਾਨ ਤੇ ਪੜ੍ਹਦੇ

ਹਨ। ਇਹ ਸਭ ਕੁਝ 9 ਤ੍ਰੀਕ ਤਕ ਕਰਦੇ ਹਨ। ਦਸਵੀਂ ਨੂੰ ਕੁਰਬਾਨੀ ਦੇਣ ਦਾ ਦਿਨ ਹੁੰਦਾ ਹੈ, ਜੋ ਮਿਨਾ ਦੇ ਅਸਥਾਨ ਤੇ ਦਿਤੀ ਜਾਂਦੀ ਹੈ। ਕੁਰਬਾਨੀ ਦੁੰਬੇ, ਉਠ ਜਾਂ ਗਾਂ ਦੀ ਦਿੱਤੀ ਜਾਂਦੀ ਹੈ। ਜਾਨਵਰ ਦਾ ਸਿਰ ਕਾਅਬੇ ਵਲ ਕਰਕੇ ਉਸ ਨੂੰ ਬਿਠਾ ਲੈਂਦੇ ਹਨ ਤੇ ਫੇਰ ਉਸ ਦੇ ਸੱਜੇ ਪਾਸੇ ਖੜੇ ਹੋ ਕੇ 'ਅੱਲਾ ਹੂਅਕਬਰ' ਕਹਿੰਦੇ ਹਨ ਤੇ ਗਲੇ ਤੇ ਛੁਰੀ ਚਲਾਉਂਦੇ ਹਨ।

ਹੱਜ ਦੇ ਦਿਨਾਂ ਵਿਚ ਸਿਰ ਮੁਨਾਣਾ, ਨਹੁੰ ਉਤਾਰਨੇ ਮਨ੍ਹਾਂ ਹਨ। ਵਾਪਸੀ ਸਮੇਂ ਫਿਰ ਕਾਅਬੇ ਦੀ ਪਰਕਰਮਾ ਕੀਤੀ ਜਾਂਦੀ ਹੈ ਤੇ ਉਥੇ 'ਸ਼ੈਤਾਨ ਦੇ ਥੰਮ' ਨੂੰ ਸੱਤ ਵਾਰਾ ਪਥਰ ਮਾਰ ਦੇ ਹਨ ਤੇ ਚਾਹੇ ਜ਼ਮਜ਼ਮ ਦਾ ਪਾਣੀ ਪੀਂਦੇ ਹਨ। ਇੰਝ ਹੱਜ ਸਮਾਪਤ ਹੁੰਦਾ ਹੈ।

(6) **ਜ਼ਕਾਤ :** ਆਪਣੀ ਕਮਾਈ ਦਾ ਚਾਲ੍ਹੀਵਾ ਹਿੱਸਾ ਖੁਦਾ ਦੇ ਨਾਮ ਤੇ ਦੇਣਾ ਅਰਥਾਤ ਧਰਮ-ਅਰਥ ਦੇਣਾ ਹਰ ਮੁਸਲਮਾਨ ਲਈ ਜ਼ਰੂਰੀ ਹੈ। ਇਸ ਨੂੰ ਜ਼ਕਾ ਕਹਿੰਦੇ ਹਨ।

(7) **ਸੁੰਨਤ ਕਰਵਾਉਣੀ :** ਪੁਰਸ਼ ਦੇ ਗੁਪਤ- ਅੰਗ ਦੇ ਅਗਲੇ ਹਿੱਸੇ ਦੇ ਦੋ ਕੁ ਉਂਗਲ ਪੜਦੇ ਦੇ ਮਾਸ ਨੂੰ ਕੱਟ ਦੇਣ ਨੂੰ ਸੁੰਨਤ ਕਰਨੀ ਅਥਵਾ 'ਖਤਨਾ ਕਰਨਾ' ਕਹਿੰਦੇ ਹਨ। ਮੁਸਲਮਾਨ ਹੋਣ ਲਈ ਸੁੰਨਤ ਦੇ ਅਸੂਲ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਹੈ। ਹਜ਼ਰਤ ਮੁਹੰਮਦ ਸਾਹਿਬ ਨੇ ਵੀ ਸੁੰਨਤ ਕਰਵਾਈ ਸੀ। ਜਿਹੜੇ ਕੰਮ ਮੁਹੰਮਦ ਸਾਹਿਬ ਨੇ ਆਪਣੀ ਉਮਤ ਨੂੰ ਸਿਖਿਆ ਦੇਣ ਲਈ ਕੀਤੇ, ਉਹ ਸਾਰੇ ਹੀ ਸੁੰਨਤ-ਰੂਪ ਕਹੇ ਜਾਂਦੇ ਹਨ।

(8) **ਕਿਆਮਤ :** ਸ੍ਰਿਸ਼ਟੀ ਦੇ ਅੰਤ ਵਾਲੇ ਦਿਨ ਨੂੰ ਕਿਆਮਤ ਦਾ ਦਿਨ ਆਖਦੇ ਹਨ। ਮੁਸਲਮਾਨਾਂ ਦਾ ਵਿਸ਼ਵਾਸ਼ ਹੈ ਕਿ ਕਿਆਮਤ ਜ਼ਰੂਰ ਆਵੇਗੀ। ਉਸ ਦਿਨ ਸਭ ਮੁਰਦੇ ਆਪਣੀਆਂ ਕਬਰਾਂ ਵਿਚੋਂ ਉਠ ਖੜੇ ਹੋਣਗੇ। ਪਾਪ ਤੇ ਭੈੜੇ ਕੰਮ ਕਰਨ ਵਾਲੇ ਬੰਦੇ ਦੋਜ਼ਖ (ਨਰਕ) ਵਿਚ ਭੇਜ ਦਿਤੇ ਜਾਣਗੇ ਅਤੇ ਚੰਗੇ ਕੰਮ ਕਰਨ ਵਾਲੇ ਬਹਿਸ਼ਤ (ਸਵੱਰਗ) ਵਿਚ। ਬਹਿਸ਼ਤ ਵਿਚ ਕੇਵਲ ਉਹ ਹੀ ਬੰਦੇ ਜਾਣਗੇ ਜਿਨ੍ਹਾਂ ਦੀ ਸਿਫਾਰਸ਼ ਹਜਰਤ ਮੁਹੰਮਦ ਸਾਹਿਬ ਕਰਨਗੇ। ਪਰਲੋ (ਕਿਆਮਤ) ਦੇ ਭਿਆਨਕ ਦੁਖਾਂ ਅਤੇ ਸਜਾ ਤੋਂ ਨਿਸਤਾਰਾ ਕਿਸੇ ਦੈਵੀ-ਸਵੈਤਿਆਗ ਨਾਲ ਨਹੀਂ ਹੋਵੇਗਾ, ਸਗੋਂ ਇਹ ਤਾਂ ਰੱਬ ਦੇ ਗਿਆਨ, ਉਸ ਦੇ ਹੁਕਮ ਅਤੇ ਹਜ਼ਰਤ ਮੁਹੰਮਦ ਸਾਹਿਬ ਦੀ ਸਿਫਾਰਸ਼ ਨਾਲ ਹੀ ਹੋਵੇਗਾ।

(9) **ਸ਼ੈਤਾਨ :** ਸ਼ੈਤਾਨ ਇਕ ਮਨੋਕਲਪਿਤ ਹਸਤੀ ਹੈ ਜੋ ਮਨੁਖ ਨੂੰ ਪਾਪ ਕਰਨ ਲਈ ਪ੍ਰੇਰਦੀ ਹੈ। ਉਸ ਨੇ ਰੱਬ ਦੇ ਹੁਕਮ ਦੀ ਅਵੱਗਿਆ ਕਰ ਕੇ ਆਦਮ ਨੂੰ ਸਿਜਦਾ ਕਰਨੋ ਇਨਕਾਰ ਕਰ ਦਿਤਾ, ਇਸ ਲਈ ਉਹ ਸਵੱਰਗ ਵਿਚੋਂ ਕਢਿਆ ਗਿਆ। ਸ਼ੈਤਾਨ ਹੀ ਬਦੀ (ਬੁਰਾਈ) ਦਾ ਮੂਲ ਹੈ।

ਇਸਲਾਮ ਦੇ ਸਿਧਾਤਾਂ ਦੀ ਗੁਰਮਤਿ ਨਾਲ ਤੁਲਨਾ :

ਇਸਲਾਮ ਵੀ ਸਿੱਖ ਧਰਮ ਦੀ ਤਰ੍ਹਾਂ ਇਕ ਜੱਥੇਬਦਕ ਜਾਂ ਸਮਾਜਕ ਧਰਮ ਹੈ। ਦੋਵੇਂ ਧਰਮ ਮਨੁਖਾਂ ਦੇ ਨਿਜੀ ਜੀਵਨ ਨੂੰ ਅਧਿਆਤਮਕ ਅਤੇ ਸਦਾਚਾਰਕ ਪੱਖੋਂ ਉਚਾਈ ਵਲ ਲੈ ਜਾ ਕੇ, ਪੂਰੇ ਸਮਾਜ ਨੂੰ ਉਚੀਆਂ ਕਦਰਾਂ-ਕੀਮਤਾਂ ਦਾ ਧਾਰਨੀ ਬਣਾਉਣਾ ਚਾਹੁੰਦੇ ਹਨ। ਦੋਵੇਂ ਇਕ ਪ੍ਰਭੂਵਿਚ ਵਿਸ਼ਵਾਸ਼ ਰਖਣ ਦਾ ਉਪਦੇਸ਼ ਦਿੰਦੇ

ਹਨ ਅਤੇ ਦੇਵੀ-ਦੇਵਤਿਆਂ ਦੀ ਹੋਂਦ ਨੂੰ ਉਕਾ ਹੀ ਰੱਦ ਕਰਦੇ ਹਨ ਅਤੇ ਮੂਰਤੀ-ਪੂਜਾ ਦੇ ਸਖਤ ਵਿਰੋਧੀ ਹਨ। ਪ੍ਰਭੂ ਦੇ ਹੁਕਮ ਅਤੇ ਰਜ਼ਾ, ਅਰਦਾਸ, ਸੰਗਤ, ਭਗਤੀ ਦੇ ਨਾਲ ਸ਼ਕਤੀ ਦੇ ਸੁਮੇਲ ਆਦਿਕ ਸਿਧਾਂਤਾਂ ਵਿਚ ਵੀ ਦੋਹਾਂ ਵਿਚ ਸਾਂਝ ਨਜ਼ਰ ਆਉਂਦੀ ਹੈ। ਪਰ ਕਈ ਸਾਂਝਾਂ ਹੋਣ ਦੇ ਬਾਵਜੂਦ ਵੀ ਦੋਹਾਂ ਧਰਮਾਂ ਵਿਚ ਕਈ ਸਿਧਾਂਤਕ ਅੰਤਰ ਹਨ। ਹੇਠਾਂ ਦੋਹਾਂ ਧਰਮਾਂ ਦੇ ਵੱਖ-ਵੱਖ ਧਾਰਮਿਕ ਵਿਸ਼ਵਾਸ਼ਾਂ ਬਾਰੇ ਵਿਚਾਰ ਅੰਕਤ ਕੀਤੇ ਜਾਂਦੇ ਹਨ :-

(1) ਰੱਬ ਇਸਲਾਮ ਦੀ ਤਰ੍ਹਾਂ ਗਰਮਤਿ 'ਇਕ-ਈਸ਼ਵਰਵਾਦ' ਵਿਚ ਤਾਂ ਵਿਸ਼ਵਾਸ਼ ਰਖਦੀ ਹੈ ਅਤੇ ਇਹ ਵੀ ਮੰਨਦੀ ਹੈ ਕਿ ਦਿਸਦੇ ਅਤੇ ਅਣਦਿਸਦੇ ਬ੍ਰਹਿਮੰਡ ਦੀ ਉਤਪਤੀ ਦਾ ਕਾਰਨ ਇਕ ਅਕਾਲ ਪੁਰਖ ਹੈ, ਜਿਸਦਾ ਹੁਕਮ (ਅਟੱਲ ਤੇ ਸਦੀਵੀ ਸਿਧਾਂਤ) ਹਰ ਥਾਂ ਵਰਤ ਰਿਹਾ ਹੈ। ਪਰ ਗੁਰਮਤਿ ਇਸਲਾਮ ਦੀ ਤਰ੍ਹਾਂ ਇਹ ਨਹੀਂ ਮੰਨਦੀ ਕਿ ਰੱਬ ਕਿਸੇ ਸਤਵੇਂ ਅਸਮਾਨ ਤੇ ਦਰਬਾਰ ਲਾ ਕੇ ਬੈਠਾ ਹੋਇਆ ਹੈ ਜਾਂ ਉਸ ਦਾ ਤਖਤ ਫ਼ਰਿਸ਼ਤਿਆਂ ਨੇ ਚੁਕਿਆ ਹੋਇਆ ਹੈ। ਗੁਰਮਤਿ ਅਨੁਸਾਰ ਤਾਂ ਪ੍ਰਭੂ ਹਰ ਥਾਂ ਮੌਜੂਦ ਹੈ-ਸਰਬ ਵਿਆਪਕ ਹੈ। ਉਹ ਆਪਣੀ ਕੁਦਰਤ ਵਿਚ ਉਸੇ ਤਰ੍ਹਾਂ ਈ ਮੌਜੂਦ ਹੈ, ਜਿਵੇਂ ਦੁਧ ਵਿਚ ਘਿਉ ਹੁੰਦਾ ਹੈ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਦਾ ਫੁਰਮਾਨ ਹੈ:

**ਸਗਲ ਬਨਸਪਤਿ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ ॥**
**ਊਚ ਨੀਚ ਮਹਿ ਜੋਤ ਸਮਾਣੀ, ਘਟਿ ਘਟਿ ਮਾਧਉ ਜੀਆ ॥1 ॥**
**ਸੰਤਹ, ਘਟਿ ਘਟਿ ਰਹਿਆ ਸਮਾਹਿਓ ॥**
**ਪੂਰਨ ਪੂਰਿ ਰਹਿਓ ਸਰਬ ਮਹਿ,**
**ਜਲਿ ਥਲਿ ਰਮਈਆ ਆਹਿਓ ॥1 ॥ਰਹਾਉ ॥2॥** (ਸੋਰਠਿ ਮ: 5-617)

**ਰੱਬ ਦਾ ਹੁਕਮ :** ਸਿੱਖ ਧਰਮ ਵੀ ਇਸਲਾਮ ਦੀ ਤਰ੍ਹਾਂ ਇਹ ਮੰਨਦਾ ਹੈ ਕਿ ਅਕਾਲ ਪੁਰਖ ਸਰਬ-ਉਚ ਅਤੇ ਸੁਤੰਤਰ ਹਸਤੀ ਹੈ, ਉਸ ਉਪਰ ਕੋਈ ਵੀ ਕਾਨੂੰਨ ਜਾਂ ਨਿਯਮ ਲਾਗੂ ਨਹੀਂ ਹੁੰਦਾ, ਸਗੋਂ ਪ੍ਰਭੂ ਤਾਂ ਇਕ ਹਾਕਮ ਦੀ ਤਰ੍ਹਾਂ ਹੈ, ਜਿਸ ਦਾ ਹੁਕਮ ਹਰ ਥਾਂ ਵਰਤ ਰਿਹਾ ਹੈ, ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਸੰਸਾਰ ਦੀ ਕਾਰ ਉਸ ਦੇ ਅਟੱਲ ਨੇਮ (ਹੁਕਮ) ਅਧੀਨ ਹੀ ਚਲ ਰਹੀ ਹੈ:-

**ਸਭੇ ਸੁਰਤੀ, ਜੋਗ ਸਭਿ, ਸਭੇ ਬੇਦ ਪੁਰਾਣ ॥**
**ਸਭੇ ਕਰਣੇ, ਤਪ ਸਭਿ, ਸਭੇ ਗੀਤ ਗਿਆਨ ॥**
**ਸਭੇ ਬੁਧੀ, ਸੁਧਿ ਸਭਿ, ਸਭਿ ਤੀਰਥ, ਸਭਿ ਥਾਨ ॥**
**ਸਭਿ ਪਾਤਸਾਹੀਆ, ਅਮਰ ਸਭਿ, ਸਭਿ ਖੁਸੀਆ, ਸਭਿ ਖਾਨ ॥**
**ਸਭੇ ਮਾਣਸ, ਦੇਵ ਸਭਿ, ਸਭੇ ਜੋਗ ਧਿਆਨ ॥**
**ਸਭੇ ਪੁਰੀਆ, ਖੰਡ ਸਭਿ, ਸਭੇ ਜੀਅ ਜਹਾਨ ॥**
**ਹੁਕਮ ਚਲਾਏ ਆਪਣੇ, ਕਰਮੀ ਵਹੈ ਕਲਾਮ ॥**
**ਨਾਨਕ, ਸਚਾ, ਸਚਿ ਨਾਇ, ਸਚੁ ਸਭਾ ਦੀਬਾਨੁ ॥** (ਸਲੋਕ ਮ: 1, ਵਾਰ ਸਾਰੰਗ 1241)

**ਰੱਬ ਦੀ ਮਿਹਰ :** – ਇਸਲਾਮ ਵਾਂਗ ਗੁਰਮਤਿ ਵੀ ਰਬ ਦੀ ਮਿਹਰ ਤੇ ਬਖਸ਼ਿਸ਼ ਦੇ ਸਿਧਾਂਤ ਦੀ ਸਮੱਰਥਕ ਹੈ। ਰੱਬ ਦੀ ਪ੍ਰਾਪਤੀ ਰੱਬ ਦੀ ਮਿਹਰ ਨਾਲ ਹੀ ਹੋ ਸਕਦੀ ਹੈ, ਇਕੱਲੇ ਕਰਮਾਂ ਨਾਲ ਨਹੀਂ। ਪਾਪਾਂ ਦੇ ਫਲ-ਸਰੂਪ ਮਿਲੀ ਸਜ਼ਾ ਨੂੰ ਵੀ ਰੱਬ ਦੀ ਮਿਹਰ ਨਾਲ ਕੱਟਿਆ ਜਾ ਸਕਦਾ ਹੈ। ਗੁਰਬਾਣੀ ਦੇ ਫੁਰਮਾਨ ਹਨ :

**–ਨਦਰਿ ਕਰੇ ਤਾਂ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥**

**ਗੁਰਮੁਖਿ ਨਾਮ ਪਦਾਰਥੁ ਪਾਏ ।(ਗਉੜੀ ਮ: 1-222)**

**– ਨਦਰਿ ਕਰੇ ਤਾਂ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥**

**ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ।** (ਧਨਾਸਰੀ ਮ : 1-661)

**–ਕਿਆ ਹੰਸੁ ਕਿਆ ਬਗੁਲਾ, ਜਾ ਕਉ ਨਦਰਿ ਧਰੇ ॥**

**ਜੋ ਤਿਸੁ ਭਾਵੈ ਨਾਨਕਾ, ਕਾਂਗਹੁ ਹੰਸੁ ਕਰੇ ॥** (ਸਲੋਕ ਸੇਖ ਫਰੀਦ ਕੇ-1384)

(2) **ਮੁਹੰਮਦ ਸਾਹਿਬ** : ਗੁਰਮਤਿ ਹਜ਼ਰਤ ਮੁਹੰਮਦ ਸਾਹਿਬ ਨੂੰ ਆਖਰੀ ਪੈਗੰਬਰ ਨਹੀਂ ਮੰਨਦੀ, ਸਗੋਂ ਇਹ ਮੰਨਦੀ ਹੈ ਕਿ ਹਜ਼ਾਰਾਂ ਪੈਗੰਬਰ ਤੇ ਮਹਾਂ-ਪੁਰਸ਼ ਸੰਸਾਰ ਵਿਚ ਉਪਜਦੇ-ਬਿਨਸਦੇ ਰਹਿੰਦੇ ਹਨ। ਗੁਰਮਤਿ ਇਹ ਵੀ ਨਹੀਂ ਮੰਨਦੀ ਕਿ ਕਿਸੇ ਖਾਸ ਪੈਗੰਬਰ ਦੀ ਸ਼ਿਫਾਰਸ਼ ਨਾਲ ਇਨਸਾਨ ਦੇ ਸਾਰੇ ਕੀਤੇ ਗੁਨਾਹ ਮੁਆਫ ਹੋ ਜਾਣਗੇ, ਜਾਂ ਉਹ ਮਨੁੱਖ ਮਰਨ ਉਪਰੰਤ ਸਵੱਰਗਾਂ ਦਾ ਵਾਸੀ ਹੋ ਜਾਵੇਗਾ। ਗੁਨਾਹਾਂ ਦੀ ਸਜ਼ਾ ਤੋਂ ਬਚਣ ਲਈ ਪਰਮਾਤਮਾ ਦਾ ਨਾਮ ਜਪਣਾ (ਗੁਣ-ਗਾਇਨ ਕਰਨਾ), ਪਰ-ਮਾਤਮਾ ਅੱਗੇ ਅਰਦਾਸਾਂ ਕਰਨੀਆਂ ਅਤੇ ਵਿਕਾਰਾਂ ਅਤੇ ਮਾਇਆ ਦੇ ਮਾਰੂਅਸਰਾਂ ਤੋਂ ਬਚ ਕੇ ਚੰਗੇ ਕੰਮਾਂ ਦੁਆਰਾ ਆਪਣੇ ਕਿਰਦਾਰ ਨੂੰ ਉਚਾ-ਸੁਚਾ ਕਰਨ ਆਦਿ ਜ਼ਰੂਰੀ ਹਨ। ਪ੍ਰਭੂਆਪਣੇ ਭਗਤਾਂ ਉੱਤੇ ਮਿਹਰ ਦੀ ਨਜ਼ਰ ਕਰ ਕੇ ਉਨ੍ਹਾਂ ਦੇ ਪੁਰਾਣੇ ਪਾਪ ਬਖਸ਼ ਦਿੰਦਾ ਹੈ ਅਤੇ ਅਗੋਂ ਠੀਕ ਰਸਤੇ ਉਤੇ ਤੋਰ ਲੈਂਦਾ ਹੈ।

(3) **ਨਿਮਾਜ਼** : ਇਸਲਾਮ ਵਾਂਗ ਗੁਰਮਤਿ ਵੀ ਰੱਬ ਅੱਗੇ ਪ੍ਰਾਰਥਨਾ (ਨਿਮਾਜ਼) ਜਾਂ ਅਰਦਾਸਾਂ ਕਰਨਾ ਜ਼ਰੂਰੀ ਸਮਝਦੀ ਹੈ। ਪੰਜ ਨਿਮਾਜ਼ਾਂ ਦੀ ਤਰ੍ਹਾਂ ਅੰਮ੍ਰਿਤ ਵੇਲੇ, ਸ਼ਾਮ ਨੂੰ ਅਤੇ ਰਾਤ ਨੂੰ ਸੌਣ ਸਮੇਂ ਵਿਸੇਸ਼ 'ਬਾਣੀਆਂ' ਦੇ ਪਾਠ ਕਰਨ ਦੀ ਹਦਾਇਤ ਰਹਿਤ ਮਰਯਾਦਾ ਵਿਚ ਕੀਤੀ ਗਈ ਹੈ। ਗੁਰਬਾਣੀ ਵਿਚ ਹਰ ਪਲ ਪ੍ਰਭੂਦੀ ਯਾਦ ਵਿਚ ਬਿਤਾਉਣ ਅਤੇ ਉਸ ਅਗੇ ਅਰਦਾਸ-ਜੋਦੜੀਆਂ ਕਰਨ ਦੇ ਉਪਦੇਸ਼ ਦਿਤੇ ਗਏ ਹਨ। ਅਰਦਾਸ ਵਿਅਕਤੀਗਤ ਵੀ ਹੋ ਸਕਦੀ ਹੈ ਤੇ ਸੰਗਤ ਵਿਚ ਵੀ। ਹਾਂ, ਨਿਮਾਜ਼ ਜਾਂ ਪਾਠ ਦੁਆਰਾ ਮਨੁਖ ਨੂੰ ਆਪਣੇ ਅੰਦਰ ਉੱਚੇ-ਸੁੱਚੇ ਅਧਿਆਤਮਕ ਅਤੇ ਸਦਾਚਾਰਕ ਗੁਣ ਪੈਦਾ ਕਰਨੇ ਚਾਹੀਦੇ ਹਨ, ਜੇ ਇੰਝ ਨਹੀਂ ਹੁੰਦਾ ਤਾਂ ਇਹ ਸਭ ਉਦਮ ਨਿਰਾ ਕਰਮ-ਕਾਂਡ ਬਣਕੇ ਰਹਿ ਜਾਂਦਾ ਹੈ, ਜੋ ਕਿ ਇਕ ਨਿਯਮ ਦੀ ਮੂਰਤੀ ਪੂਰਤੀ ਵਜੋਂ ਕੀਤਾ ਜਾਂਦਾ ਹੈ। ਸਤਿਗੁਰਾਂ ਨੇ ਅਜਿਹੀ ਪਾਠ-ਪੂਜਾ ਦੀ ਨਿਖੇਧੀ ਕੀਤੀ ਹੈ। ਗੁਰੂਨਾਨਕ ਪਾਤਸ਼ਾਹ ਨੇ ਆਪਣੇ ਸਮੇਂ ਦੇ ਮੁਸਲਮਾਨਾਂ ਨੂੰ ਸਪਸ਼ਟ ਆਖਿਆ ਸੀ-

**ਪੰਜਿ ਨਿਵਾਜਾ, ਵਖਤ ਪੰਜਿ, ਪੰਜਾ ਪੰਜੇ ਨਾਉ ॥**

**ਪਹਿਲਾ ਸਚੁ, ਹਲਾਲੁ' ਦੁਇ, ਤੀਜਾ ਖੈਰ ਖੁਦਾਇ ॥**

**ਚਉਥੀ ਨੀਅਤਿ ਰਾਸਿ ਮਨੁ, ਪੰਜਵੀਂ ਸਿਫਤਿ ਸੁਨਾਇ ॥**

**ਕਰਣੀ ਕਲਮਾ ਆਖਿ ਕੈ, ਤਾ ਮੁਸਲਮਾਣੁ ਸਦਾਇ ॥**

**ਨਾਨਕ ਜੇਤੇ ਕੂੜਿਆਰ, ਕੂੜੈ ਕੂੜੀ ਪਾਇ ॥** (ਵਾਰ ਮਾਝ, ਮ: 1-141)

ਗੁਰਮਤਿ ਪ੍ਰਭੂ ਨੂੰ ਹਰ ਥਾਂ ਸਰਬ ਵਿਆਪਕ ਜਾਣਦੀ ਹੈ ਅਤੇ ਮੁਸਲਮਾਨਾਂ ਦੀ ਤਰ੍ਹਾਂ ਕਿਸੇ ਖਾਸ ਦਿਸ਼ਾ ਵੱਲ (ਪੱਛਮ ਦਿਸ਼ਾ ਵਿਚ ਕਾਅਬੇ ਵਲ) ਮੂੰਹ ਕਰਕੇ ਅਰਦਾਸ ਕਰਨ ਦਾ ਖੰਡਨ ਕਰਦੀ ਹੈ। ਦਸਮ ਪਾਤਿਸ਼ਾਹ ਨੇ 'ਤ੍ਵਪ੍ਰਸਾਦਿ ਸਵੱਈਏ' (ਅਕਾਲ ਉਸਤਤਿ) ਵਿਚ ਪ੍ਰਭੂ ਨੂੰ ਕਿਸੇ ਖਾਸ ਪਾਸੇ ਵਲ ਜਾਣਕੇ, ਉਧਰ ਮੂੰਹ ਕਰਕੇ ਅਰਦਾਸਾਂ ਕਰਨ ਨੂੰ "ਕੂੜੀ-ਕ੍ਰਿਆ" ਆਖਿਆ ਹੈ।

(4) **ਰੋਜ਼ੇ** : ਗੁਰਮਤਿ ਬ੍ਰਾਹਮਣੀ ਧਰਮ ਦੇ ਵਰਤਾਂ ਅਤੇ ਇਸਲਾਮ ਦੇ ਰੋਜਿਆਂ ਦਾ ਖੰਡਨ ਕਰਦੀ ਹੈ। ਇਨ੍ਹਾਂ ਨਾਲ ਮਨੁੱਖ ਦੀ ਆਤਮਾ ਨੂੰ ਕੋਈ ਫਾਇਦਾ ਨਹੀਂ ਹੁੰਦਾ, ਨਾ ਹੀ ਇਹ ਮਨੁੱਖ ਦੇ ਪਾਪਾਂ ਨੂੰ ਨਾਸ਼ ਕਰ ਸਕਦੇ ਹਨ। ਗੁਰਮਤਿ ਦੀ ਸਪੱਸ਼ਟ ਹਦਾਇਤ ਹੈ :-

**- ਵਰਤ ਨ ਰਹਉ, ਨ ਮਹ ਰਮਦਾਨਾ ॥**

**ਤਿਸੁ ਸੇਵੀ, ਜੋ ਰਖੈ ਨਿਦਾਨਾ ॥**

ਯਥਾ (ਭੈਰਉ ਮ: 5-1136)

**- ਅੰਨੁ ਨ ਖਾਹਿ, ਦੇਹੀ ਦੁਖੁ ਦੀਜੈ ॥**

**ਬਿਨੁ ਗੁਰ ਗਿਆਨ, ਤ੍ਰਿਪਤਿ ਨਹੀਂ ਥੀਜੈ ॥** (ਰਾਮਕਲੀ ਮ: 1-9●5)

ਗੁਰਮਤਿ ਇਸਲਾਮ ਦੀ ਤਰ੍ਹਾਂ ਰਮਜ਼ਾਨ ਦੇ ਮਹੀਨੇ ਅਤੇ ਜੁੰਮਾ (ਸ਼ੁਕਰਵਾਰ) ਨੂੰ ਪਵਿਤਰ ਨਹੀਂ ਮੰਨਦੀ। ਗੁਰਮਤਿ ਅਨੁਸਾਰ ਸਾਰੇ ਮਹੀਨੇ, ਦਿਨ, ਤ੍ਰੀਕਾਂ ਇਕੋ ਜਿਹੀਆਂ ਹੀ ਹਨ, ਕੋਈ ਵੀ ਪਵਿੱਤਰ ਜਾਂ ਅਪਵਿੱਤਰ ਨਹੀਂ। ਥਿਤਾਂ ਅਤੇ ਵਾਰਾਂ ਦੇ ਸ਼ੁਭ-ਅਸ਼ੁਭ ਹੋਣ ਦੀ ਵੀਚਾਰ ਕਰਨ ਵਾਲੇ ਨੂੰ ਗੁਰਮਤਿ ਵਿਚ ਮਹਾਂ-ਮੂਰਖ ਆਖਿਆ ਗਿਆ ਹੈ:-

**ਸਤਿਗੁਰ ਬਾਝਹੁ ਅੰਧੁ ਗੁਬਾਰੁ ॥**

**ਥਿਤੀ ਵਾਰ ਸੇਵਹਿ ਮੁਗਧ ਗਵਾਰ ॥** (ਬਿਲਾਵਲੁ ਮ: 3-843)

ਚੰਗਾ ਜਾਂ ਮਾੜਾ ਕੋਈ ਵਿਸ਼ੇਸ਼ ਸਮਾਂ ਨਹੀਂ ਹੁੰਦਾ ਸਗੋਂ ਚੰਗੀ ਜਾਂ ਮਾੜੀ ਤਾਂ ਮਨੁਖ ਦੀ ਆਪਣੀ ਕਰਨੀ ਹੁੰਦੀ ਹੈ। ਜੋ ਮਨੁਖ ਪ੍ਰਭੂ ਦੇ ਰੰਗ ਵਿਚ ਰੰਗਿਆ ਰਹੇ ਤਾਂ ਉਸ ਲਈ ਸਾਰੇ ਮਹੀਨੇ, ਥਿਤਾਂ, ਵਾਰ ਤੇ ਰੁਤਾ ਭਲੀਆਂ ਹਨ :-

**-ਬੇ ਦਸ ਮਾਹ ਰੁਤੀ, ਥਿਤੀ ਵਾਰ ਭਲੇ ॥**

**ਘੜੀ ਮੂਰਤ ਪਲ, ਸਾਚੇ ਆਏ ਸਹਿਜ ਮਿਲੇ ॥** (ਤੁਖਾਰੀ ਮ: 1-11●9)

**(ਬੇ = ਦੋ, ਬੇ= ਦਸ = ਦੋ ਤੋ- ਦਸ, ਬਾਰਾਂ। ਮਾਹ- ਮਹੀਨੇ। ਮੂਰਤ-ਮਹੂਰਤ)।**

**- ਦਿਨੁ ਰੈਣ ਸਭ ਸੁਹਾਵਣੇ ਪਿਆਰੇ, ਜਿਤੁ ਜਪੀਐ ਹਰਿ ਨਾਉ ॥**

(ਆਸਾ ਮ: 5, ਬਿਰਹੜੇ - 432)

**- ਸਾ ਵੇਲਾ, ਸੋ ਮੂਰਤ, ਸਾ ਘੜੀ, ਸੋ ਮੁਹਤੁ ਸਫਲ ਹੈ,**

**ਮੇਰੀ ਜਿੰਦੁੜੀਏ, ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥**

(ਬਿਹਾਗੜਾ ਮ: 4, ਛੰਤ-45●)

ਗੁਰਮਤਿ, ਇਸਲਾਮ ਦੇ ਇਸ ਵਿਸ਼ਵਾਸ਼ ਨੂੰ ਵੀ ਨਹੀਂ ਮੰਨਦੀ ਕਿ ਰਮਜ਼ਾਨ ਦੇ ਮਹੀਨੇ ਵਿਚ ਵਿਸ਼ੇਸ਼ ਰੱਬੀ ਰਹਿਮਤਾਂ ਹੁੰਦੀਆਂ ਹਨ ਅਤੇ ਫਰਿਸ਼ਤੇ ਅਸਮਾਨਾਂ ਤੋਂ ਉਤਰ ਕੇ ਧਰਤੀ ਉਤੇ ਆਉਂਦੇ ਹਨ। ਗੁਰਮਤਿ ਤਾ ਫ਼ਰਿਸ਼ਤਿਆਂ ਦੀ ਹੋਂਦ ਵਿਚ ਹੀ ਯਕੀਨ ਨਹੀਂ ਰਖਦੀ ਅਤੇ ਨਾ ਹੀ ਅਸਮਾਨਾਂ ਵਿਚ ਕਿਸੇ ਵਿਸ਼ੇਸ਼ ਸਥਾਨ ਦੀ ਹੋਂਦ ਨੂੰ ਹੀ ਮੰਨਦੀ ਹੈ, ਜਿਥੋ ਮੁਸਲਮਾਨੀ ਵਿਸ਼ਵਾਸ਼ ਅਨੁਸਾਰ ਫ਼ਰਿਸ਼ਤੇ ਨਿਵਾਸ ਰਖਦੇ ਹਨ।

(5) **ਹੱਜ** : ਜਿਵੇਂ ਕਿ ਪਹਿਲਾਂ ਪੜ੍ਹ ਆਏ ਹਾਂ ਮੱਕੇ ਦੀ ਯਾਤਰਾ ਨੂੰ ਹੱਜ ਆਖਦੇ ਹਨ। ਇਤਿਹਾਸਕ ਧਾਰਮਕ-ਅਸਥਾਨਾਂ ਦੀ ਆਪਣੀ ਮਹੱਤਤਾ ਹੁੰਦੀ ਹੈ। ਇਥੇ ਜਾ ਕੇ ਮਨੁੱਖ ਧਾਰਮਕ ਪ੍ਰੇਰਨਾ ਪ੍ਰਾਪਤ ਕਰਦੇ ਹਨ ਅਤੇ ਆਪਣੇ ਰਹਿਬਰ ਨਾਲ ਸੰਬੰਧਤ ਥਾਵਾਂ ਤੇ ਜਾਂ ਕੇ ਖੁਸ਼ੀ ਪ੍ਰਾਪਤ ਕਰਦੇ ਹਨ। ਇਹ ਗੱਲ ਤਾਂ ਠੀਕ ਹੈ, ਪਰ ਕਿਸੇ ਖਾਸ ਥਾਂ ਉਤੇ ਰੱਬ ਦੀ ਪ੍ਰਾਪਤੀ ਲਈ ਜਾਣ ਨੂੰ ਗੁਰਮਤਿ ਠੀਕ ਨਹੀਂ ਸਮਝਦੀ। ਪ੍ਰਭੂਹਰ ਥਾਂ ਵਿਆਪਕ ਹੈ ਅਤੇ ਮਨੁੱਖ ਦੇ ਆਪਣੇ ਅੰਦਰ ਵੀ ਹੈ, ਇਸ ਲਈ ਉਸ ਨੂੰ ਕੁਦਰਤ ਅਤੇ ਆਪਣੇ ਹਿਰਦੇ ਵਿਚੋਂ ਹੀ ਖੋਜ਼ਨਾ ਚਾਹੀਦਾ ਹੈ, ਭਗਤ ਕਬੀਰ ਜੀ ਵਿਅੰਗਾਤਮਕ ਢੰਗ ਨਾਲ ਹੱਜ ਦਾ ਵਿਰੋਧ ਕਰਦੇ ਹੋਏ ਆਖਦੇ ਹਨ :-

**ਕਬੀਰ ਹਜ ਕਾਬੇ ਹਉ ਜਾਇ ਥਾ, ਆਗੈ ਮਿਲਿਆ ਖੁਦਾਇ ॥**

**ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ ॥197॥**

ਯਥਾ

**ਕਬੀਰ ਹਜ ਕਾਬੈ ਹੋਇ ਹੋਇ ਗਇਆ, ਕੇਤੀ ਬਾਰ ਕਬੀਰ ॥**

**ਸਾਂਈ ਮੁਝ ਮਹਿ ਕਿਆ ਖਤਾ, ਮੁਖਹੁ ਨ ਬੋਲੈ ਪੀਰ ॥198॥**

(ਸਲੋਕ ਭਗਤ ਕਬੀਰ ਜੀਉ ਕੇ 1375)

**ਅਰਥ** : ਹੇ ਕਬੀਰ ! ਮੈਂ ਕਾਬੇ ਦਾ ਹੱਜ ਕਰਨ ਜਾ ਰਿਹਾ ਸੀ। ਉਥੇ ਗਏ ਨੂੰ ਅੱਗੋਂ ਖ਼ੁਦਾ ਮਿਲ ਪਿਆ। ਉਹ ਮੇਰਾ ਸਾਈਂ (ਖੁਸ਼ ਹੋਣ ਦੀ ਥਾਂ ਉਤੇ ਕਿ ਮੈਂ ਉਸ ਦੇ ਘਰ ਦਾ ਦੀਦਾਰ ਕਰਨ ਆਇਆ ਸਗੋਂ) ਮੇਰੇ ਉਤੇ ਗੁੱਸੇ ਹੋਇਆ ਤੇ ਆਖਣ ਲੱਗਾ ਕਿ ਤੈਨੂੰ ਕਿਸ ਨੇ ਕਿਹਾ ਹੈ ਕਿ ਤੂੰ ਮੇਰੇ ਨਾਮ ਉਤੇ ਗਾਂ ਦੀ ਕੁਰਬਾਨੀ ਦੇ? (ਅਗਲੇ ਸਲੋਕ ਵਿਚ ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ) ਮੈਂ ਕਈ ਵਾਰ ਕਾਬੇ ਦਾ ਦੀਦਾਰ ਕਰਨ ਗਿਆ ਹਾਂ। ਪਰ ਰੇ ਖ਼ੁਦਾ ! ਤੂੰ ਮੇਰੇ ਨਾਲ ਗੱਲ

ਹੀ ਨਹੀਂ ਕਰਦਾ, ਮੇਰੇ ਵਿਚ ਤੂੰ ਕੀ ਖਤਾ ਵੇਖ ਰਿਹਾ ਹੈਂ? (ਭਾਵ-ਹੱਜ ਅਤੇ ਕੁਰਬਾਨੀ ਨਾਲ ਵੀ ਰੱਬ ਖੁਸ਼ ਨਹੀਂ ਹੁੰਦਾ) ਗੁਰਮਤਿ ਹੱਜ ਕਰਨ ਦੀ ਥਾਂ ਉਤੇ ਮਨ ਦੀ ਪਵਿਤਰਤਾ ਉਤੇ ਵਧੇਰੇ ਜ਼ੋਰ ਦਿੰਦੀ ਹੈ :-

**ਸਚੁ ਕਮਾਵੈ ਸੋਈ ਕਾਜੀ ॥ ਜੋ ਦਿਲੁ ਸੋਧੈ ਸੋਈ ਹਾਜੀ ॥** (ਮਾਰੂ ਮ: 5-1074)

ਹੱਜ ਦੇ ਅੰਤ ਉਤੇ ਦੁੰਬੇ, ਊਠ ਜਾਂ ਗਾਂ ਦੀ ਕੁਰਬਾਨੀ ਦਿਤੀ ਜਾਂਦੀ ਹੈ। ਗੁਰਮਤਿ ਪਸੂ-ਬਲੀ ਦਾ ਵਿਰੋਧ ਕਰਦੀ ਹੈ। ਧਰਮ ਦੇ ਨਾਮ ਉਤੇ ਬਲੀ ਦੇਣ ਵਾਲੇ ਮਨੁੱਖਾਂ ਨੂੰ ਕਮਾਈ ਤੋਂ ਵੀ ਬੁਰਾ ਆਖਿਆ ਗਿਆ ਹੈ:-

**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ, ਕਹਹੁ ਕਤ ਭਾਈ ।**

**ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ।**

(ਰਾਗ ਮਾਰੂ, ਬਾਣੀ ਕਬੀਰ ਜੀਉ ਕੀ-1103)

(6) **ਜ਼ਕਾਤ :** ਜਥੇਬੰਦੀ ਅਥਵਾ ਸਮਾਜ ਦੀ ਭਲਾਈ ਲਈ ਆਪਣੀ ਕਿਰਤ ਕਮਾਈ ਵਿਚੋਂ ਅਰਪਣ ਕੀਤੇ ਗਏ ਧਨ ਨੂੰ ਇਸਲਾਮ ਵਿਚ 'ਜਕਾਤ' ਅਤੇ ਗੁਰਮਤਿ ਵਿਚ 'ਦਸਵੰਧ' ਦਾ ਨਾਮ ਦਿਤਾ ਗਿਆ ਹੈ। ਜ਼ਕਾਤ ਕਮਾਈ ਦਾ ਚਾਲੀਵਾਂ ਹਿੱਸਾ ਹੁੰਦਾ ਹੈ ਤੇ ਦਸਵੰਧ ਦਸਵਾਂ। ਗੁਰੂਨਾਨਕ ਪਾਤਸ਼ਾਹ ਦਾ ਫੁਰਮਾਨ ਹੈ:-

**ਘਾਲਿ ਖਾਇ, ਕਿਛੁ ਹਥਹੁ ਦੇਹਿ ॥ ਨਾਨਕ, ਰਾਹੁ ਪਛਾਣਹਿ ਸੇਇ ॥**

(ਸਾਰੰਗ ਕੀ ਵਾਰ, ਸਲੋਕ ਮ: 1-1245)

ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿਚ ਦਸਵੰਧ ਕੱਢਣ ਬਾਰੇ ਇਹ ਸਪਸ਼ਟ ਹਦਾਇਤ ਹੈ:-

**ਦਸ ਨਖ ਕਰ ਜੋ ਕਾਰ ਕਮਾਵੈ ॥ ਤਾ ਕਰ ਜੋ ਧਨ ਘਰ ਮੇਂ ਆਵੈ ॥**

**ਤਿਸ ਤੇ ਗੁਰੁ ਦਸੌਂਧ ਜੋ ਦੇਈ ॥ ਸਿੰਘ ਸੁਜਸ ਬਹੁ ਜਗ ਮੇਂ ਲੇਈ ॥**

(7) **ਸੁੰਨਤ :** ਗੁਰਮਤਿ ਕਿਸੇ ਤਰ੍ਹਾਂ ਦਾ ਵੀ ਸਰੀਰਕ ਛੇਦ ਕਰਨ ਦੀ ਆਗਿਆ ਨਹੀਂ ਦਿੰਦੀ, ਜਦੋਂ ਕਿ ਸੁੰਨਤ ਕਰਾਉਣੀ ਹਰੇਕ ਮੁਸਲਮਾਨ ਲਈ ਲਾਜ਼ਮੀ ਹੈ। ਭਗਤ ਕਬੀਰ ਜੀ ਆਪਣੀ ਵਿਅੰਗਮਈ ਸ਼ੈਲੀ ਵਿਚ ਸੁੰਨਤ ਦਾ ਇੰਝ ਖੰਡਨ ਕਰਦੇ ਹਨ :-

**ਸਕਤਿ ਸਨੇਹੁ ਕਰਿ ਸੁੰਨਤਿ ਕਰੀਐ, ਮੈ ਨ ਬਦਉਗਾ ਭਾਈ ॥**

**ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ, ਆਪਨ ਹੀ ਕਟਿ ਜਾਈ ॥** (ਆਸਾ ਕਬੀਰ ਜੀ -477)

ਅਗੇ ਚਲਕੇ ਕਬੀਰ ਸਾਹਿਬ ਕਹਿੰਦੇ ਹਨ ਕਿ ਜੇ ਮੁਸਲਮਾਨਾਂ ਲਈ ਸੁੰਨਤ ਕਰਾਉਣੀ ਲਾਜ਼ਮੀ ਹੈ, ਤਾਂ ਇਸਤਰੀਆਂ ਨੂੰ ਮੁਸਲਮਾਨ ਕਿਵੇਂ ਬਣਾਇਆ ਜਾ ਸਕਦਾ ਹੈ-

**ਸੁੰਨਤਿ ਕੀਏ ਤੁਰਕੁ ਜੇ ਹੋਇਆ, ਅਉਰਤ ਕਾ ਕਿਆ ਕਰੀਐ ॥** (ਆਸਾ ਕਬੀਰ ਜੀ -477)

(8) **ਕਿਆਮਤ :** ਇਸਲਾਮ ਕਿਆਮਤ ਵਿਚ ਵਿਸ਼ਵਾਸ ਰਖਦਾ ਹੈ। ਮੰਨਿਆ ਜਾਂਦਾ ਹੈ ਕਿ ਕਿਆਮਤ ਵਾਲੇ ਦਿਨ ਸਭ ਆਦਮੀ ਆਪਣੀਆਂ ਕਬਰਾਂ ਵਿਚੋਂ ਉਠ ਖੜ੍ਹੋਣਗੇ। ਚੰਗੇ ਕੰਮ ਕਰਨ ਵਾਲੇ ਬਹਿਸ਼ਤ (ਸਵੱਰਗ) ਵਿਚ

ਚਲੇ ਜਾਣਗੇ ਅਤੇ ਭੈੜੇ ਕੰਮ ਕਰਨ ਵਾਲੇ ਦੋਜਖ (ਨਰਕ) ! ਗੁਰਮਤ ਕਿਆਮਤ ਦੇ ਸਿਧਾਂਤ ਵਿਚ ਵਿਸ਼ਵਾਸ ਨਹੀਂ ਰਖਦੀ, ਸਗੋਂ ਆਤਮਾ ਦੇ ਆਵਾਗਵਨ ਵਿਚ ਯਕੀਨ ਰਖਦੀ ਹੈ। ਮਨੁੱਖ ਦੇ ਮਰ ਜਾਣ ਪਿਛੋਂ ਉਸ ਦੀ ਆਤਮਾ, ਚੋਲਾ ਬਦਲਦੀ ਹੈ ਅਤੇ ਆਪਣੇ ਕੀਤੇ ਕਰਮਾਂ ਅਨੁਸਾਰ ਹੋਰ ਚੰਗੇਰਾ ਜਾਂ ਬੁਰਾ ਜੀਵਨ ਬਤੀਤ ਕਰਦੀ ਹੈ। ਜਨਮ-ਮਰਨ ਦਾ ਇਹ ਚੱਕਰ ਜਾਰੀ ਰਹਿੰਦਾ ਹੈ। ਇਹ ਗੇੜ ਉਦੋਂ ਖਤਮ ਹੁੰਦਾ ਹੈ ਜਦੋਂ ਮਨੁੱਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਜਦੋਂ ਮਨੁੱਖ ਵਿਕਾਰਾਂ ਅਤੇ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਜੀਵਨ ਬਤੀਤ ਕਰਦਾ ਹੈ ਅਤੇ ਪ੍ਰਭੂ ਦੀ ਸਿਫਤ ਸਲਾਹ ਵਿਚ ਜੁੜਿਆ ਮਗਰੋਂ ਅਜਿਹੇ ਮਨੁੱਖ ਦੀ ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ ਤੇ ਮਨੁੱਖ ਦਾ ਆਵਾਗਵਨ ਕਟਿਆ ਜਾਂਦਾ ਹੈ।

ਇਸਲਾਮ ਦੀ ਤਰ੍ਹਾਂ ਗੁਰਮਤਿ ਵਿਚ ਸਵੱਰਗ-ਨਰਕ ਨੂੰ ਕੋਈ ਅਹਿਮੀਅਤ ਨਹੀਂ ਦਿਤੀ ਗਈ: ਸਗੋਂ ਇਨ੍ਹਾਂ ਦੀ ਹੋਂਦ ਨੂੰ ਰੱਦ ਕੀਤਾ ਗਿਆ ਹੈ:-

**– ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ ॥**
**ਹਮ ਕਾਹੂ ਕੀ ਕਾਣਿ ਨ ਕਢਤੇ, ਅਪਨੇ ਗੁਰ ਪਰਸਾਦੇ ॥**

(ਰਾਮਕਲੀ, ਕਬੀਰ ਜੀ -963)

**–ਕਬੀਰ ਸੁਰਗ ਨਰਕ ਤੇ ਮੈ ਰਹਿਓ, ਸਤਿਗੁਰ ਕੇ ਪਰਸਾਦਿ ॥**
**ਚਰਨ ਕਮਲ ਕੀ ਮਉਜ ਮਹਿ, ਰਹਉ ਅੰਤਿ ਅਰੁ ਆਦਿ ॥**

(ਸਲੋਕ ਭਗਤ ਕਬੀਰ ਜੀਉ ਕੇ-137●)

(9) **ਸ਼ੈਤਾਨ-** ਗੁਰਮਤਿ ਕਿਸੇ ਸ਼ੈਤਾਨ ਦੀ ਹਸਤੀ ਵਿਚ ਯਕੀਨ ਨਹੀਂ ਰਖਦੀ। ਇਸਲਾਮ ਅਨੁਸਾਰ ਸ਼ੈਤਾਨ ਮਨੁੱਖ ਨੂੰ ਪਾਪ ਅਤੇ ਬੁਰਾਈ ਵਲ ਪ੍ਰੇਰਦਾ ਹੈ। ਗੁਰਮਤਿ ਅਨੁਸਾਰ ਮਾਇਆ ਦੁਖਾ ਦਾ ਮੂਲ ਕਾਰਨ ਹੈ ਅਤੇ ਮਨੁੱਖ ਨੂੰ ਪ੍ਰਭੂ ਤੋਂ ਦੂਰ ਲੈ ਜਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ-ਪੰਜ ਵਿਕਾਰ ਮਾਇਆ ਦੇ ਹਥਿਆਰ ਹਨ। ਮਨੁੱਖ ਨੇ ਇਨ੍ਹਾਂ ਤੋਂ ਬਚਣਾ ਹੈ, ਇਨ੍ਹਾਂ ਨੂੰ ਆਪਣੇ ਕਾਬੂ ਵਿਚ ਕਰਨਾ ਹੈ। ਸੱਚੇ ਦਿਲੋਂ ਅਤੇ ਇਕਾਗਰਤਾ ਨਾਲ ਪ੍ਰਭੂ ਦੀ ਸਿਫਤ ਸਲਾਹ ਕਰਨ ਨਾਲ ਮਨੁੱਖ ਪੰਜਾਂ-ਵਿਕਾਰਾਂ ਉਤੇ ਫਤਹਿ ਪ੍ਰਾਪਤ ਕਰ ਲੈਂਦਾ ਹੈ। ਅਜਿਹੇ ਮਨੁੱਖ ਉਤੇ ਮਾਇਆ ਕੋਈ ਪ੍ਰਭਾਵ ਨਹੀਂ ਪਾ ਸਕਦੀ। ਮਾਇਆ ਮਨੁੱਖ ਦੀ ਉਸ ਬਿਰਤੀ ਦਾ ਨਾਮ ਹੈ, ਜੋ ਮਨੁੱਖ ਨੂੰ ਰੱਬੀ-ਮਾਰਗ ਤੋਂ ਹਟਾ ਕੇ ਪਾਪਾਂ ਤੇ ਵਿਕਾਰਾਂ ਦੇ ਰਾਹ ਉਤੇ ਤੋਰਦੀ ਹੈ।

(10) **ਕਰਮ ਦਾ ਸਿਧਾਂਤ** : ਇਸਲਾਮ ਵਾਂਗ ਗੁਰਮਤਿ ਕਰਮ ਦੇ ਸਿਧਾਂਤ ਨੂੰ ਮੰਨਦੀ ਹੈ। ਫ਼ਰਕ ਕੇਵਲ ਇਤਨਾ ਹੈ ਕਿ ਗੁਰਮਤਿ ਅਨੁਸਾਰ ਮਨੁੱਖ ਆਪਣੇ ਕਰਮਾਂ ਅਨੁਸਾਰ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ ਅਤੇ ਜਦੋਂ ਰੱਬ ਦੀ ਕ੍ਰਿਪਾ ਸਦਕਾ ਇਹ ਕਰਮ ਦਗਧ ਹੋ ਜਾਂਦੇ ਹਨ, ਤਾਂ ਮਨੁਖ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ; ਪਰ ਇਸਲਾਮ ਅਨੁਸਾਰ ਮਨੁੱਖ ਕਰਮਾਂ ਦੇ ਸਿੱਟੇ ਵਜੋਂ ਸਵੱਰਗ ਜਾਂ ਨਰਕ ਵਿਚ ਜਾਂਦਾ ਹੈ।

(11) **ਜ਼ਾਤ-ਪਾਤ** : ਇਸਲਾਮ ਵਾਂਗ ਸਿੱਖ ਧਰਮ ਵੀ ਜਾਤ-ਪਾਤ ਦੀ ਕਰੜੀ ਨਿਖੇਧੀ ਕਰਦਾ ਹੈ। ਇਹ ਸਭ ਮਨੁਖਾਂ ਨੂੰ ਸਮਾਨ ਸਮਝਦਾ ਹੈ।

ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਇਸਲਾਮ ਅਤੇ ਗੁਰਮਤਿ ਇਕ ਈਸ਼ਵਰ- ਵਾਦ, ਪ੍ਰਭੂ ਦੇ ਹੁਕਮ ਤੇ ਮਿਹਰ, ਨਿਮਾਜ (ਪ੍ਰਾਰਥਨਾ), ਜ਼ਕਾਤ (ਦਸਵੰਧ), ਕਰਮ ਦੇ ਸਿਧਾਂਤ ਅਤੇ ਜ਼ਾਤ-ਪਾਤ ਬਾਰੇ ਲਗ ਪਗ ਇਕੋ ਜਿਹੇ ਵਿਚਾਰ ਰਖਦੇ ਹਨ; ਪਰ ਹਜ਼ਰਤ ਮੁਹੰਮਦ ਦੇ ਆਖਰੀ ਪੈਗੰਬਰ ਹੋਣ ਬਾਰੇ, ਰੋਜ਼ੇ ਰਖਣ, ਹਜ ਕਰਨ, ਪਸ਼ੂਆਂ ਦੀ ਕੁਰਬਾਨੀ ਦੇਣ, ਸੁੰਨਤ, ਕਿਆਮਤ, ਸਵੱਰਗ-ਨਰਕ ਅਤੇ ਸ਼ੈਤਾਨ ਆਦਿ ਦੋਹਾਂ ਦੀ ਵਿਚਾਰ ਇਕ ਦੂਜੇ ਦੇ ਬਿਲਕੁਲ ਉਲਟ ਹਨ।


निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में तथा स्वतत्रंता अवश्य देखें तथा पढ़े।

www.sikhworld.info

jasbirsikhworldinfo@gmail.com

**ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਨਾਂ ਦਾ ਸੰਪੂਰਨ ਜੀਵਨ ਬਿਉਰਾ ਵਿਸਤਾਰ ਸਹਿਤ ਜ਼ਰੂਰ ਦੇਖੋਂ ਅਤੇ ਪੜ੍ਹੋ ਜੀ।**



**ਲਾਂਚ ਕਰਤਾ : ਜਸਬੀਰ ਸਿੰਘ**

Mob. : 099881-60484, 62390-45985

Type Setting : Radheshyam Choudhary

Mob. : 098149- 66882